ੴ ਸਤਿਗੁਰ ਪ੍ਰਸਾਦਿ ॥

# ਭਾਈ ਲਹਿਣਾ ਜੀ

**ਪਿਛੋਕੜ:-** ਭਾਈ ਲਹਿਣਾ ਜੀ ਦਾ ਜਨਮ, 18 ਅਪ੍ਰੈਲ 1504 ਈਸਵੀ (4 ਵੈਸਾਖ ਸੰਮਤ 1561) ਨੂੰ **ਪਿੰਡ ਮੱਤੇ ਦੀ ਸਰਾਂ, ਜ਼ਿਲਾ ਫਰੀਦ ਕੋਟ, ਪੰਜਾਬ,** ਪਿਤਾ ਫੇਰੂਮੱਲ ਜੀ ਦੇ ਗ੍ਰਹਿਵਿਖੇ ਮਾਤਾ ਦਇਆ ਜੀ ਦੀ ਕੁੱਖੋਂ ਹੋਇਆ। **(ਇਹ ਪਿੰਡ ਕੋਟਕਪੂਰਾ ਤੋਂ ਮੁਕਤਸਰ ਜਾਂਦਿਆਂ ਸੜਕ ਦੇ ਖੱਬੇ ਹੱਥ ਸਥਿੱਤ ਹੈ।)**

ਫੇਰੂ ਮੱਲ ਜੀ, ਸਥਾਨਿੱਕ **ਚੌਧਰੀ ਤਖਤ ਮੱਲ** ਦੇ ਕੋਲ ਮੁਨੀਮ (ਹਿਸਾਬ ਰਖਣ ਵਾਲਾ) ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਲਹਿਣਾ ਜੀ ਲਈ ਵਿੱਦਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਉਹ ਸਨਾਤਨ ਧਰਮ ਨੂੰ ਮੰਨਣ ਵਾਲੇ ਸਨ। ਉਹ ਸਾਲ ਵਿੱਚ ਇਕ ਵਾਰੀ ਵੈਸ਼ਨੂੰ ਦੇਵੀ ਦੇ ਦਰਸ਼ਨਾਂ ਲਈ ਕਟੜੇ (ਜੰਮੂ) ਜਾਇਆ ਕਰਦੇ ਸਨ।

ਚੌਧਰੀ ਤਖਤਮਲ ਦੀ ਬੇਟੀ ਸਭਰਾਈ **(ਵਿਰਾਈ)** ਫੇਰੂਮਲ ਜੀ ਦੀ ਮੂੰਹ ਬੋਲੀ ਭੈਣ ਸੀ। ਉਸ ਦਾ ਵਿਆਹ ਖਡੂਰ ਨਗਰ ਵਿੱਚ ਇਕ ਅਮੀਰ ਘਰਾਣੇ ਦੇ **ਚੌਧਰੀ ਮਹਿਮੇ** ਨਾਲ ਹੋ ਗਿਆ। ਕੁਝ ਸਮੇ ਬਾਅਦ **'ਵਿਰਾਈ'** ਨੇ ਆਪਣੇ ਭਤੀਜੇ ਲਹਿਣਾ ਜੀ ਦਾ ਵਿਆਹ ਖਡੂਰ ਤੋਂ ਦੋ ਮੀਲ ਦੀ ਦੂਰੀ ਤੇ ਸਥਿੱਤ **ਸੰਘਰ ਪਿੰਡ** ਦੇ ਦੇਵੀ ਚੰਦ ਮਰਵਾਹਾ ਦੀ ਸਪੁੱਤਰੀ **ਕੁਮਾਰੀ ਖੇਮਵਤੀ (ਖੀਵੀ)** ਨਾਲ ਕਰਵਾ ਦਿੱਤਾ, ਇਹ ਵਿਆਹ ਸੰਨ 1519 ਈ: ਵਿੱਚ ਹੋਇਆ ਦੱਸਿਆ ਜਾਂਦਾ ਹੈ।

ਆਪਣੇ ਪਿਤਾ ਜੀ ਦੇ ਸਹਿਯੋਗ ਨਾਲ ਲਹਿਣਾ ਜੀ ਨੇ ਮੱਤੇ ਦੀ ਸਰਾਂ ਵਿੱਖੇ ਵਪਾਰ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿੱਚ ਵਿਦੇਸ਼ੀ ਹਮਲਾਵਰਾਂ ਦੇ ਕਾਰਨ ਦੇਸ਼ ਵਿੱਚ ਸਥਿਰਤਾ ਨਾ ਰਹੀ। ਅਜਿਹੇ ਹਲਾਤਾਂ ਕਾਰਨ ਲਹਿਣਾ ਜੀ ਆਪਣੇ ਸਹੁਰਿਆਂ ਦੇ ਪਿੰਡ ਦੇ ਨੇੜੇ ਆਪਣੀ ਭੂਆ ਜੀ ਦੇ ਨਗਰ ਖਡੂਰ ਵਿੱਚ ਆ ਵੱਸੇ। ਖਡੂਰ ਨਗਰ ਵਿੱਚ ਵੀ ਆਪ ਨੇ ਉਹੀ ਕਿਤਾ ਅਪਣਾਇਆ। ਇਥੇ ਵੀ ਆਪ ਦੇ ਪਿਤਾ ਸ੍ਰੀ ਫੇਰੂਮੱਲ ਜੀ ਨੇ **ਵੈਸ਼ਨੂੰ ਦੇਵੀ** ਦੇ ਭਗਤਾਂ ਦੀ ਇੱਕ ਸਭਾ ਬਣਾ ਲਈ।

ਲਹਿਣਾ ਜੀ ਦੇ ਦੋ ਪੁੱਤਰ, ਦਾਤੂ ਜੀ ਤੇ ਦਾਸੂ ਜੀ ਅਤੇ ਦੋ ਪੁੱਤਰੀਆਂ, ਅਮਰੋ ਜੀ ਅਤੇ ਅਨੋਖੀ ਜੀ ਸਨ। ਇਸ ਤਰਾਂ ਆਪ ਖਡੂਰ ਨਗਰ ਵਿੱਚ ਖੁਸ਼ਹਾਲ ਜੀਵਨ ਜੀਊਣ ਲੱਗੇ।

## ਕਰਤਾਰਪੁਰ ਆਉਣਾ

ਇਕ ਦਿਨ ਸਵੇਰ ਸਾਰ ਖਡੂਰ ਨਗਰ ਦੇ ਖੂਹ ਤੇ ਇਸ਼ਨਾਨ ਕਰਦਿਆਂ **ਭਾਈ ਲਹਿਣਾ ਜੀ ਨੇ ਉਥੋਂ ਦੇ ਵਸਨੀਕ ਭਾਈ ਜੋਧਾ ਜੀ** ਦੇ ਮੂੰਹੋਂ ਬੜੀ ਮਿੱਠੀ ਸੁਰ ਵਿੱਚ ਪ੍ਰਭੂ ਉਸਤਤ ਸੁਣੀ। ਜਿਸ ਦਾ ਭਾਵ ਅਰਥ ਮਨੁੱਖ ਨੂੰ ਆਦਰਸ਼ ਜੀਵਨ ਜੀਊਣ ਦੀ ਪ੍ਰੇਰਨਾ ਸੀ। ਇਹ ਅਲਾਹੀ ਬਾਣੀ ਇਸ ਤਰਾਂ ਹੈ:-

"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੭੪)

ਧਿਆਨ ਨਾਲ ਜਦੋਂ ਦੁਬਾਰਾ ਇਹੀ ਸ਼ਬਦ ਭਾਈ ਲਹਿਣਾ ਜੀ ਨੇ ਸੁਣਿਆ ਤਾਂ ਉਨ੍ਹਾਂ ਨੂੰ ਇਸ ਵਿੱਚੋਂ ਅਧਿਆਤਮਿਕਤਾ ਅਨੁਭਵ ਹੋਈ। ਭਾਈ ਲਹਿਣਾ ਜੀ ਨੇ ਭਾਈ ਜੋਧਾ ਨੂੰ ਨਿਮਰਤਾ ਸਹਿਤ ਪੁੱਛਿਆ, "ਤੁਸੀਂ ਜਿਹੜੀ ਬਾਣੀ ਗਾ ਰਹੇ ਹੋ, ਉਹ ਕਿਸ ਮਹਾਂਪੁਰਸ਼ ਦੀ ਬਾਣੀ ਹੈ?" ਭਾਈ ਜੋਧਾ ਜੀ ਨੇ ਦੱਸਿਆ, **"ਰਾਵੀ ਨਦੀ ਦੇ ਕੰਢੇ ਤੇ ਨਵੇਂ ਵੱਸੇ ਨਗਰ, ਕਰਤਾਰਪੁਰ ਵਿੱਖੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅਲਾਹੀ ਬਾਣੀ ਦੇ ਉਚਾਰਨ ਕਰਤਾ ਹਨ।"**

ਇਹ ਸੁਣ ਕੇ ਭਾਈ ਲਹਿਣਾ ਜੀ ਨੂੰ ਯਾਦ ਆਇਆ ਕਿ ਉਨ੍ਹਾਂ ਦੇ ਭੂਆ ਜੀ ਵੀ ਗੁਰੂ ਜੀ ਬਾਰੇ ਅਕਸਰ ਦੱਸਦੇ ਰਹਿੰਦੇ ਹਨ ਅਤੇ ਉਹ ਉਨ੍ਹਾਂ ਦੇ ਦਰਸ਼ਨਾਂ ਲਈ ਵੀ ਜਾਇਆ ਕਰਦੇ ਹਨ। ਲਹਿਣਾ ਜੀ ਨੇ ਫੈਸਲਾ ਕੀਤਾ ਕਿ ਇਸ ਵਾਰ ਦੇਵੀ ਦੇ ਦਰਸ਼ਨਾਂ ਲਈ ਜਾਵਾਂਗਾ ਤਾਂ ਰਾਹ ਵਿੱਚ ਰੁਕ ਕੇ ਗੁਰੂਜੀ ਦੇ ਦਰਸ਼ਨ ਵੀ ਜ਼ਰੂਰ ਕਰਾਂਗਾ।

ਸਮਾ ਆਉਣ ਤੇ, ਦੁਕਾਨ ਦਾ ਕੰਮ ਆਪਣੇ ਪੁੱਤਰਾਂ ਨੂੰ ਸੌਂਪ ਕੇ ਭਾਈ ਲਹਿਣਾ ਜੀ ਦੇਵੀ ਭਗਤਾਂ ਦੀ ਸਭਾ ਨਾਲ ਵੈਸ਼ਨੂੰ ਦੇਵੀ ਦੇ ਦਰਸ਼ਨਾਂ ਲਈ ਚੱਲ ਪਏ। ਰਾਹ ਵਿੱਚ ਰਾਵੀ ਨਦੀ ਪਾਰ ਕਰਕੇ ਕਰਤਾਰਪੁਰ ਦੇ ਨੇੜੇ ਪਹੁੰਚੇ, ਤਾਂ ਆਪਣੇ ਸਾਥੀਆਂ ਨੂੰ ਆਰਾਮ ਕਰਨ ਲਈ ਛੱਡ ਕੇ ਆਪ ਗੁਰੂਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਨਗਰ ਵੱਲ ਚੱਲ ਪਏ।

## ਗੁਰੂਦੇਵ ਜੀ ਨਾਲ ਮਿਲਾਪ

ਸੁਭਾਵਕ ਹੀ ਉਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ, ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਸਨ ਭਾਈ ਲਹਿਣਾ ਜੀ ਨੇ ਕੋਲ ਜਾ ਕੇ ਪੁੱਛਿਆ, **"ਬਾਬਾ ਜੀ ! ਮੈਂ ਗੁਰੂ ਨਾਨਕ ਦੇਵ ਜੀ ਦੇ ਘਰ ਜਾਣਾ ਹੈ,"**

ਗੁਰੂਦੇਵ ਜੀ ਨੇ ਕਿਹਾ, ਮੈਂ ਤੁਹਾਨੂੰ ਉਥੇ ਲੈ ਚਲਦਾ ਹਾਂ। ਗੁਰੂਦੇਵ ਜੀ, ਘੋੜੇ ਦੀ ਲਗਾਮ ਫੜ ਕੇ ਚੱਲ ਪਏ। ਡੇਰੇ ਵਿੱਚ ਪਹੁੰਚ ਕੇ ਗੁਰੂਦੇਵ ਜੀ ਨੇ ਕਿਹਾ, **"ਆਪ ਘੋੜਾ ਸਾਹਮਣੇ ਦਰੱਖਤ ਨਾਲ ਬੰਨ ਕੇ ਅੰਦਰ ਆ ਜਾਓ।"**



ਬਾਬਾ ਲਹਿਣਾ ਜੀ ਗੁਰੂ ਜੀ ਤੋਂ ਹੀ ਉਨ੍ਹਾਂ ਦਾ ਘਰ ਪੁਛਦੇ ਹੋਏ

ਇਤਨੇ ਵਿੱਚ ਗੁਰੂਦੇਵ ਜੀ ਆਪਣੇ ਆਸਣ ਤੇ ਜਾ ਬਿਰਾਜੇ। ਘੋੜਾ ਬੰਨ ਕੇ ਜਦੋਂ ਲਹਿਣਾ ਜੀ ਨੇ ਅੰਦਰ ਲਗਾਮ ਫੜਨ ਵਾਲਿਆਂ ਨੂੰ ਸਾਹਮਣੇ ਬੈਠੇ ਤਕਿਆ ਤਾਂ ਝਿਜਕਦਿਆਂ ਹੋਇਆਂ ਕਿਹਾ, **"ਮੁਆਫ ਕਰਨਾ ਜੀ, ਮੈਂ ਤੁਹਾਨੂੰ ਪਹਿਚਾਣਦਾ ਨਹੀਂ ਸਾਂ, ਨਹੀਂ ਤਾਂ ਅਜਿਹੀ ਭੁੱਲ ਕਦੀ ਨਾ ਕਰਦਾ।"**

ਗੁਰੂਦੇਵ ਜੀ ਦੇ ਪੁੱਛਣ ਤੇ ਉਨ੍ਹਾਂ, **ਆਪਣਾ ਨਾਂ ਲਹਿਣਾ ਦੱਸਿਆ।** ਗੁਰੂਦੇਵ ਜੀ ਨੇ ਕਿਹਾ, **ਤੁਸੀਂ ਲਹਿਣੇਦਾਰ ਹੋ ਅਤੇ ਅਸੀਂ ਦੇਣਦਾਰ। ਬੱਸ ਇਸੇ ਕਾਰਨ ਮੈਂ ਤੁਹਾਡੇ ਘੋੜੇ ਦਾ ਮਾਰਗ-ਦਰਸ਼ਕ ਬਣਿਆ।"**

ਗੁਰੂਦੇਵ ਜੀ ਨੇ ਉਨ੍ਹਾਂ ਦੀ ਸੁੱਖ-ਸਾਂਦ ਪੁੱਛੀ। ਭਾਈ ਲਹਿਣਾ ਜੀ ਨੇ ਦੱਸਿਆ, **"ਮੈਂ ਖਡੂਰ ਨਗਰ ਦਾ ਇਕ ਛੋਟਾ ਜਿਹਾ ਦੁਕਾਨਦਾਰ ਹਾਂ, ਹਰ ਸਾਲ ਵੈਸ਼ਨੋ ਮਾਤਾ ਦੇ ਦਰਸ਼ਨਾਂ ਲਈ ਜੱਥਾ ਲੈ ਕੇ ਜਾਂਦਾ ਹਾਂ।** ਇਸ ਸਾਲ ਵੀ ਉਥੇ ਜਾ ਰਿਹਾ ਹਾਂ। ਮੇਰੇ ਸਾਥੀ ਸਰਾਂ ਵਿੱਚ ਠਹਿਰੇ ਹੋਏ ਹਨ। ਮੈਂ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ ਕਿਉਂਕਿ ਮੈਂ ਇਕ ਦਿਨ ਸਵੇਰੇ ਸਵੇਰੇ ਖੂਹ ਤੇ ਇਸ਼ਨਾਨ ਕਰਦਿਆਂ ਤੁਹਾਡੇ ਇਕ ਸਿੱਖ, **ਭਾਈ ਜੋਧਾ ਜੀ ਤੋਂ ਅਲਾਹੀ ਬਾਣੀ ਸੁਣੀ ਸੀ।** ਇਸ ਕਾਰਨ ਮੇਰਾ ਮਨ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਰਹਿੰਦਾ ਸੀ। ਅੱਜ ਮੌਕਾ ਮਿਲਦੇ ਹੀ ਪਹੁੰਚ ਗਿਆ ਹਾਂ।"

ਗੁਰੂਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਭੋਜਨ ਛਕ ਕੇ ਸ਼ਾਮ ਦੇ ਦੀਵਾਨ ਵਿੱਚ ਸ਼ਾਮਿਲ ਹੋਣ ਲਈ ਕਿਹਾ।

ਸ਼ਾਮ ਦੇ ਦੀਵਾਨ ਵਿੱਚ ਗੁਰੂਦੇਵ ਜੀ ਨੇ ਇਸ ਅਲਾਹੀ ਸ਼ਬਦ ਦਾ ਕੀਰਤਨ ਕੀਤਾ:-

"ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥੬॥
ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥ ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥੭॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੩੭

ਭਾਵ ਸਮੂਹ ਵਿਸ਼ਵ ਦਾ ਕਰਤਾ ਇਕ ਪਾਰਬ੍ਰਹਮ ਪਰਮੇਸ਼ਵਰ ਹੀ ਹੈ। ਇਸ ਲਈ ਉਸ ਦੇ ਪੈਦਾ ਕੀਤੇ ਦੇਵੀ ਦੇਵਤਿਆਂ ਦੇ ਅੱਗੇ ਹੱਥ ਨਹੀਂ ਪਸਾਰਨੇ ਚਾਹੀਦੇ ਕਿਉਂਕਿ ਉਨ੍ਹਾਂ ਨੂੰ ਵੀ ਉਸ ਪ੍ਰਮੇਸ਼ਵਰ ਤੋਂ ਸ਼ਕਤੀ ਪ੍ਰਾਪਤ ਹੁੰਦੀ ਹੈ। ਅਧਿਆਤਮਿੱਕ ਸ਼ਕਤੀ ਪ੍ਰਾਪਤ ਕਰਨ ਲਈ ਉਸੇ ਪ੍ਰਭੂ ਦੀ ਹੀ ਅਰਾਧਨਾ ਕਰੋ ਜੋ ਸਭ ਦਾ ਮਾਲਕ ਅਤੇ ਪਾਲਕ ਹੈ।

"ਪਾਣੀ ਰਿੜਕਨ ਨਾਲ ਮੱਖਣ ਨਹੀਂ ਨਿਕਲਦਾ। ਗੁਰੂ ਤੋਂ ਬਿਨਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ।"

ਭਾਈ ਲਹਿਣਾ ਜੀ ਨੇ ਮਨ ਹੀ ਮਨ ਸੋਚਿਆ ਕਿ ਮੈਂ ਅੱਜ ਤੱਕ ਮਨ ਦੀ ਸ਼ਾਂਤੀ ਲਈ ਭਟਕਦਾ ਰਿਹਾ ਹਾਂ, ਮੇਰੀ ਸਾਰੀ ਮਿਹਨਤ ਵਿਅਰਥ ਚਲੀ ਗਈ ਹੈ। ਮੈਂ ਹੁਣ ਗੁਰੂ ਜੀ ਤੋਂ ਉਹ ਗਿਆਨ ਪ੍ਰਾਪਤ ਕਰਾਂਗਾ, ਜਿਸ ਨਾਲ ਮੈਂ ਆਪਣੀਆਂ ਇੱਛਾਵਾਂ ਤੇ ਕਾਬੂ ਪਾ ਕੇ ਨਿਸ਼ਕਾਮ ਸੇਵਕ ਬਣ ਜਾਵਾਂ।

ਕੀਰਤਨ ਦੀ ਸਮਾਪਤੀ ਤੇ ਭਾਈ ਲਹਿਣਾ ਜੀ ਨੇ ਉਸੇ ਵੇਲੇ ਕਿਹਾ, "ਗੁਰੂਜੀ, ਮੈਂ ਤਨ, ਮਨ, ਧਨ ਨਾਲ ਸੰਪੂਰਨ ਰੂਪ ਵਿੱਚ ਆਪ ਜੀ ਨੂੰ ਸਮਰਪਿੱਤ ਹੋ ਗਿਆ ਹਾਂ।"

**ਗੁਰੂਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਅਸੀਸ ਦਿੱਤੀ, "ਇੱਛਾ ਪੂਰੀ ਹੋਵੇ ! ਕਰਤਾਰ ਭਲੀ ਕਰੇਗਾ !"** ਨਾਲ ਹੀ ਇਹ ਅਲਾਹੀ ਬਚਨ ਉਚਾਰੇ:-

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੪੧੨

ਇਨ੍ਹਾਂ ਅਲਾਹੀ ਬਚਨਾਂ ਨੂੰ ਆਪਣੀ ਅੰਤਰ ਆਤਮਾ ਵਿੱਚ ਵਸਾਉਂਦੇ ਹੋਏ। ਭਾਈ ਲਹਿਣਾ ਜੀ ਨੇ ਦੂਜੇ ਦਿਨ ਆਪਣੇ ਸਾਥੀਆਂ ਨੂੰ ਇਹ ਕਹਿ ਕੇ ਅੱਗੇ ਤੋਰ ਦਿੱਤਾ ਕਿ ਉਹ ਆਪਣੀ ਯਾਤਰਾ ਤੇ ਚਲੇ ਜਾਣ। ਉਹ ਆਪ ਹੁਣ ਕਿਤੇ ਹੋਰ ਨਹੀਂ ਜਾਣਗੇ ਕਿਉਂਕਿ ਉਹ ਜਿਸ ਉੱਦੇਸ਼ ਨੂੰ ਲੈ ਕੇ ਘਰ ਤੋਂ ਚੱਲੇ ਸਨ, ਉਹ ਇਥੇ ਹੀ ਪੂਰਾ ਹੋ ਗਿਆ ਹੈ।



**ਭਾਈ ਲਹਿਣਾ ਜੀ ਪਹਿਲੀ ਵਾਰ ਸੇਵਕ ਦੇ ਰੂਪ ਵਿੱਚ ਗੁਰੂਦੇਵ ਜੀ ਦੇ ਸਨਮੁੱਖ ਹੋਏ**

## ਗੁਰੂ ਘਰ ਦੀ ਸੇਵਾ ਨੂੰ ਸਮਰਪਿੱਤ

ਭਾਈ ਲਹਿਣਾ ਜੀ ਦਾ ਅਧਿਆਮਿੱਕ ਅਤੇ ਨਿਸ਼ਕਾਮ ਸੇਵਾ ਦਾ ਸਫਰ ਓਸੇ ਦਿਨ ਤੋਂ ਆਰੰਭ ਹੋ ਗਿਆ।

ਕਰਤਾਰਪੁਰ ਵਿਖੇ ਗੁਰੂ ਚਰਣਾ ਵਿੱਚ ਕੁਝ ਦਿਨ ਸੇਵਾ ਕਰਨ ਉਪ੍ਰੰਤ, ਭਾਈ ਲਹਿਣਾ ਜੀ ਗੁਰੂਦੇਵ ਜੀ ਤੋਂ ਆਗਿਆ ਲੈ ਕੇ ਆਪਣੇ ਪਿੰਡ ਖਡੂਰ ਚਲੇ ਗਏ।


## ਖਡੂਰ ਤੋਂ ਵਾਪਸ ਆਉਣਾ

ਥੋੜੇ ਦਿਨਾਂ ਪਿਛੋਂ ਭਾਈ ਲਹਿਣਾ ਜੀ ਆਪਣੇ ਨਗਰ ਖਡੂਰ ਤੋਂ ਵਾਪਸ ਆਉਂਦਿਆਂ ਖੇਤਾਂ ਵਿੱਚ ਹੀ ਗੁਰੂਦੇਵ ਜੀ ਨੂੰ ਮਿਲ ਪਏ। ਗੁਰੂਦੇਵ ਜੀ ਨੇ ਉਨ੍ਹਾਂ ਤੋਂ ਰਾਜ਼ੀ ਖ਼ੁਸ਼ੀ ਪੁੱਛੀ। ਲਹਿਣਾ ਜੀ ਨੇ, ਘਾਹ (ਧਾਨ ਦੇ ਖੇਤ ਵਿੱਚੋਂ ਪੁਟਿਆ ਹੋਇਆ) ਦੀ ਪੰਡ ਜੋ ਗੁਰੂ ਜੀ ਚੁਕਣ ਹੀ ਵਾਲੇ ਸਨ, ਆਪ ਚੁੱਕ ਲਈ ਜਿਸ ਵਿਚੋਂ ਗੰਧਲਾ ਪਾਣੀ ਟਪਕ ਰਿਹਾ ਸੀ। ਘਰ ਤੱਕ ਪਹੁੰਚਦੇ ਲਹਿਣਾ ਜੀ ਦੇ ਬਸਤਰ ਘਾਹ ਵਿੱਚੋਂ ਟਪਕਦੇ ਚਿੱਕੜ ਨਾਲ ਭਰ ਗਏ।

**ਮਾਤਾ ਸੁਲੱਖਣੀ ਜੀ** ਨੇ ਦੇਖਿਆ ਤਾਂ ਉਨ੍ਹਾਂ ਕਿਹਾ, "ਹੁਣੇ-ਹੁਣੇ ਆਏ ਸ਼ਰਧਾਲੂ ਦੇ ਸਾਫ ਸੁਥਰੇ ਬਸਤਰ ਕਿਵੇਂ ਚਿੱਕੜ ਨਾਲ ਲੱਥ ਪੱਥ ਹੋ ਗਏ ਹਨ।" ਗੁਰਦੇਵ ਜੀ ਨੇ ਕਿਹਾ, **"ਧਿਆਨ ਨਾਲ ਵੇਖੋ, ਇਹ ਘਾਹ ਦੀ ਪੰਡ ਨਹੀਂ ਤ੍ਰਿਲੋਕੀ ਦਾ ਛੱਤਰ ਹੈ। ਇਹ ਚਿੱਕੜ ਨਹੀਂ, ਕੇਸਰ ਦੇ ਛਿੱਟੇ ਹਨ।"**



ਭਾਈ ਲਹਿਣਾ ਜੀ ਇਸ ਵਰਤਾਰੇ ਨੂੰ ਅਣ ਗੋਲਿਆ ਕਰਕੇ ਚੁੱਕਿਆ ਹੋਇਆ ਘਾ ਪਸ਼ੂਆਂ ਅੱਗੇ ਪਾ ਕੇ ਗੁਰੂ ਘਰ ਦੀ ਸੇਵਾ ਵਿੱਚ ਜੁੱਟ ਗਏ।



**ਗੁਰੂਦੇਵ ਜੀ ਭਾਈ ਲਹਿਣਾ ਜੀ ਨੂੰ ਪਸ਼ੂਆਂ ਦੀ ਸੰਭਾਲ ਦੀ ਸੇਵਾ ਲਾਉਂਦਿਆਂ**

## ਗੁਰੂਦੇਵ ਜੀ ਦੀ ਬੰਦ ਮੁੱਠੀ ਦਾ ਭੇਦ

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਦਿਨ ਸਤਿਸੰਗ ਦੀ ਸਮਾਪਤੀ ਉਪ੍ਰੰਤ ਆਪਣੀ ਮੁੱਠੀ ਬੰਦ ਕਰਕੇ ਬੈਠ ਗਏ ਅਤੇ ਵਾਰੀ – ਵਾਰੀ ਪੁੱਛਣ ਲੱਗੇ, "ਬੇਟਾ ਸ੍ਰੀ ਚੰਦ, ਦੱਸੋ ਖਾਂ ਮੇਰੀ ਮੁੱਠੀ ਵਿੱਚ ਕੀ ਹੈ?" ਸ੍ਰੀ ਚੰਦ ਜੀ:– "ਪਿਤਾ ਜੀ ਤੁਹਾਡੀ ਮੁੱਠੀ ਵਿੱਚ ਇਕ ਦਮੜਾ (ਰੁਪੈਆ) ਹੈ।" ਗੁਰਦੇਵ ਜੀ ਨੇ ਲਖਮੀ ਦਾਸ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਵੀ ਕਿਹਾ, ਤੁਹਾਡੀ ਮੁੱਠੀ ਵਿੱਚ ਇਕ ਸਿੱਕਾ ਹੀ ਮਲੂਮ ਹੁੰਦਾ ਹੈ। ਫਿਰ ਸੇਵਕਾਂ ਵੱਲ ਇਸ਼ਾਰਾ ਹੋਇਆ। ਵਾਰੀ – ਵਾਰੀ ਉਹ ਵੀ ਦੱਸਣ ਲੱਗੇ।

ਜਦੋਂ ਆਪ ਜੀ ਨੇ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਨਿਮਰਤਾ-ਪੂਰਵਕ ਕਿਹਾ, "ਹੇ ਗੁਰੁਦੇਵ ਜੀ! **ਤੁਹਾਡੀ ਮੁੱਠੀ ਵਿੱਚ ਸਮੁੱਚੇ ਵਿਸ਼ਵ ਦੀਆਂ ਬਰਕਤਾਂ ਹਨ। ਜੇ ਇਹ ਮੁੱਠੀ ਕਿਸੇ ਲਈ ਖੁੱਲ ਜਾਏ ਤਾਂ ਉਸ ਨੂੰ ਬ੍ਰਹਮ ਗਿਆਨ ਪ੍ਰਾਪਤ ਹੋ ਜਾਵੇਗਾ।** ਇਹ ਸੁਣ ਕੇ ਗੁਰੁਦੇਵ ਜੀ ਅਤੀ ਸੰਤੁਸ਼ਟ ਹੋਏ।



**ਗੁਰੂਦੇਵ ਜੀ ਬੰਦ ਮੁੱਠੀ ਬਾਰੇ ਪੁੱਛਦੇ ਹੋਏ**



**ਗੁਰੂਦੇਵ ਜੀ ਨਾਲ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਖੇਤਾਂ ਵਿੱਚ, 'ਕਾਰ' ਕਰਦਿਆਂ**

## ਰਾਤਰੀ ਦੇ ਸਮੇਂ ਦਾ ਭੇਦ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਰਾਤ ਆਪਣੇ ਬੇਟੇ ਸ੍ਰੀ ਚੰਦ ਨੂੰ ਪੁੱਛਿਆ, "ਬੇਟਾ ਦੇਖਣਾ, ਰਾਤ ਕਿੰਨੀ ਕੁ ਬੀਤ ਚੁਕੀ ਹੈ ਅਤੇ ਕਿੰਨੀ ਬਾਕੀ ਹੈ।" ਸ੍ਰੀ ਚੰਦ ਜੀ ਉੱਠੇ, ਉਨ੍ਹਾਂ ਨੇ ਤਾਰਾ ਮੰਡਲ ਤੋਂ ਅਨੁਮਾਨ ਲਾ ਕੇ ਦੱਸਿਆ ਕਿ ਠੀਕ ਅੱਧੀ ਰਾਤ ਦਾ ਸਮਾਂ ਹੈ। ਗੁਰੁਦੇਵ ਜੀ ਨੇ ਲਖਮੀ ਦਾਸ ਨੂੰ ਪੁੱਛਿਆ, "ਬੇਟਾ ਤੁਸੀਂ ਵੀ ਸਮੇਂ ਦਾ ਠੀਕ-ਠੀਕ ਅਨੁਮਾਨ ਲਗਾਓ।" ਉਹ ਵੀ ਤਾਰਾ ਮੰਡਲ ਦੇ ਆਧਾਰ ਤੇ ਇਹੀ ਅਨੁਮਾਨ ਲਾ ਸਕੇ ਕਿ ਅੱਧੀ ਰਾਤ ਹੀ ਬਾਕੀ ਹੈ ਬਾਬਾ ਬੁੱਢਾ ਜੀ ਉੱਠੇ, ਉਨ੍ਹਾਂ ਨੇ ਅਨੁਮਾਨ ਲਗਾਇਆ ਤੇ ਕਿਹਾ, "ਹੇ ਗੁਰੁਦੇਵ ਜੀ! ਰਾਤ ਤਾਂ ਅੱਧੀ ਹੀ ਬਤੀਤ ਹੋਈ ਹੈ ਅਤੇ ਅੱਧੀ ਬਾਕੀ ਹੈ।" ਗੁਰੁਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਹੱਥ ਜੋੜ ਕੇ ਨਿਮਰਤਾ ਪੂਰਵਕ ਕਿਹਾ, "ਹੇ ਗੁਰੁਦੇਵ ਜੀ! ਉਸ ਪ੍ਰਭੂ ਦੀ ਲੀਲਾ ਅਨੁਸਾਰ ਇਸ ਨਾਸ਼ਮਾਨ ਜਗਤ ਦਾ ਅੱਧਾ ਕੁ ਹਨੇਰਾ ਖਤਮ ਹੋ ਗਿਆ ਹੈ ਅਤੇ ਕੁਝ ਕੁ ਬਾਕੀ ਹੈ।" (ਭਾਵ ਮਨੁੱਖਾ ਜੀਵਨ ਦਾ ਅੰਧੇਰਾ ਮੁੱਕ ਗਿਆ ਹੈ ਅਤੇ ਕੁਝ ਕੁ ਰਹਿੰਦਾ ਹੈ।) ਗੁਰੁਦੇਵ ਜੀ ਲਹਿਣਾ ਜੀ ਦੀ ਅਧਿਆਤਮਿੱਕ ਰਮਜ਼ ਨੂੰ ਜਾਣ ਕੇ ਸੰਤੁਸ਼ਟ ਹੋ ਗਏ।

## ਰਾਤ ਨੂੰ ਗੁਰੂਦੇਵ ਜੀ ਦੇ ਬਸਤਰ ਧੋਣਾ

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਰਾਤ ਨੂੰ ਆਪਣੇ ਆਸਨ ਤੇ ਜਾਣ ਲੱਗੇ ਤਾਂ ਉਨ੍ਹਾਂ ਨੇ ਬੇਟੇ ਸ੍ਰੀ ਚੰਦ ਨੂੰ ਸੱਦ ਕੇ ਕਿਹਾ, **"ਬੇਟਾ, ਮੇਰੇ ਬਸਤਰ ਗੰਦੇ ਹੋ ਗਏ ਹਨ, ਹੁਣੇ ਧੋ ਦਿਓ** ਤਾਂ ਕਿ ਸਵੇਰੇ ਸਤਿਸੰਗ ਦੇ ਸਮੇਂ ਪਾਏ ਜਾ ਸਕਣ।" ਸ੍ਰੀ ਚੰਦ ਨੇ ਜਵਾਬ ਦਿੱਤਾ, "ਪਿਤਾ ਜੀ ਤੁਸੀਂ ਚਿੰਤਾ ਨਾ ਕਰੋ ਸਵੇਰੇ ਧੁਆ ਲਵਾਂਗੇ। ਗੁਰੂਦੇਵ ਜੀ ਨੇ ਛੋਟੇ ਬੇਟੇ, ਲਖਮੀ ਦਾਸ ਨੂੰ ਆਦੇਸ਼ ਦਿੱਤਾ, **"ਬੇਟਾ ਮੇਰੇ ਕੱਪੜੇ ਹੁਣੇ ਧੋ ਲਿਆਓ।"** ਉਨ੍ਹਾਂ ਨੇ ਵੀ ਕਿਹਾ, "ਪਿਤਾ ਜੀ, ਇਸ ਸਮੇਂ ਕਪੜੇ ਧੋਣਾ ਠੀਕ ਨਹੀਂ ਹੈ, ਅਜੇ ਰਾਤ ਹੈ।

**ਇਸ਼ਾਰਾ ਹੁੰਦਿਆਂ ਹੀ ਭਾਈ ਲਹਿਣਾ ਜੀ ਨੇ ਕਪੜੇ ਫੜੇ ਅਤੇ ਰਾਵੀ ਨਦੀ ਤੇ ਜਾ ਕੇ, ਧੋ ਕੇ, ਰੇਤਾ ਉੱਤੇ ਸੁੱਕਣੇ ਪਾ ਦਿੱਤੇ।** ਗਰਮੀ ਕਾਰਨ ਹਲਕੀ ਹਲਕੀ ਚਲਦੀ ਹਵਾ ਦੇ ਬੁਲਿਆਂ ਨਾਲ ਸੁਕਾ ਕੇ ਗੁਰੂਦੇਵ ਜੀ ਦੇ ਸਨਮੁੱਖ ਰੱਖ ਦਿੱਤੇ। ਲਹਿਣੇ ਦੀ ਤੁਰੰਤ ਸੇਵਾ ਭਾਵਨਾ ਵੇਖ ਕੇ ਗੁਰੂਦੇਵ ਜੀ ਗਦ-ਗਦ ਹੋ ਉੱਠੇ।



ਭਾਈ ਲਹਿਣਾ ਜੀ, ਗੁਰੂ ਜੀ ਦੇ ਬਸਤਰ ਧੋਂਦਿਆਂ

## ਗੁਰੂਦੇਵ ਜੀ ਦੇ ਬਸਤਰਾਂ ਨੂੰ ਮੀਂਹ ਤੋਂ ਬਚਾਉਣਾ

ਇਕ ਦਿਨ ਅੰਮ੍ਰਿਤ ਵੇਲੇ ਰਾਵੀ ਨਦੀ ਤੇ ਇਸ਼ਨਾਨ ਕਰਦੇ ਸਮੇਂ, ਭਾਈ ਲਹਿਣਾ ਜੀ ਗੁਰੂਦੇਵ ਜੀ ਦੇ ਕਪੜਿਆਂ ਦੇ ਕੋਲ ਬੈਠ ਗਏ। ਬੱਦਲਵਾਈ ਹੋਣ ਕਰਕੇ ਮੀਂਹ ਅਤੇ ਗੜੇ (ਓਲੇ) ਪੈਣੇ ਸ਼ੁਰੂ ਹੋ ਗਏ। ਸਭ ਸੇਵਕ ਭਿੱਜਣ ਤੋਂ ਬਚਨ ਲਈ ਰੁੱਖਾਂ ਹੇਠ ਜਾ ਖਲੋਤੇ। ਪਰ ਭਾਈ ਲਹਿਣਾ ਜੀ ਨੇ ਗੁਰੂਦੇਵ ਜੀ ਦੇ ਕਪੜੇ ਇਕੱਠੇ ਕਰਕੇ ਆਪਣੇ ਸੀਨੇ ਨਾਲ ਲਾ ਲਏ ਅਤੇ ਝੁੱਕ ਕੇ ਬੈਠ ਗਏ। ਇਸ ਤਰਾਂ ਗੁਰੂ ਜੀ ਦੇ ਕਪੜੇ ਭਿੱਜਣ ਤੋਂ ਬਚ ਗਏ। ਗੁਰੂ ਜੀ ਲਹਿਣੇ ਦੀ ਸ਼ਰਧਾ ਅਤੇ ਪ੍ਰੇਮਾ ਭਗਤੀ ਵੇਖ ਕੇ ਅਤੀ ਪ੍ਰਸੰਨ ਹੋਏ।



ਭਾਈ ਲਹਿਣਾ ਜੀ, ਗੁਰੂਦੇਵ ਜੀ ਦੇ ਕਪੜੇ ਭਿਜਣ ਤੋਂ ਬਚਾਉਂਦਿਆਂ

## ਮਰੇ ਚੂਹੇ ਨੂੰ ਲੱਭਣਾ

ਇਕ ਦਿਨ ਧਰਮਸਾਲਾ ਵਿੱਚੋਂ ਬਦਬੋ ਆ ਰਹੀ ਸੀ। ਗੁਰੂ ਜੀ ਨੇ ਨੇੜੇ ਬੈਠੇ ਆਪਣੇ ਬੇਟਿਆਂ ਨੂੰ ਆਦੇਸ਼ ਦਿੱਤਾ, "ਦੇਖੋ ਖਾਂ ਇਹ ਬਦਬੋ ਕਿੱਥੋਂ ਆ ਰਹੀ ਹੈ।" ਦੋਹਾਂ ਬੇਟਿਆਂ ਨੇ ਇਹੀ ਆਦੇਸ਼, ਅੱਗੇ ਸੇਵਕਾਂ ਨੂੰ ਦੇ ਦਿੱਤਾ ਅਤੇ ਕਿਹਾ, "ਜਲਦੀ ਲੱਭੋ, ਬਦਬੋ ਕਿੱਥੋਂ ਆ ਰਹੀ ਹੈ?"

ਸੇਵਕਾਂ ਨੇ ਲੱਭ ਲਿਆ ਕਿ ਇਕ ਚੂਹਾ, ਭੜੋਲੀ (**ਮਿੱਟੀ ਦਾ ਮੱਟ**) ਦੇ ਹੇਠਾਂ ਮਰਿਆ ਪਿਆ ਹੈ।

ਬਦਬੋ ਆਉਣ ਕਾਰਣ ਉਸ ਨੂੰ ਉਥੋਂ ਚੁੱਕਣ ਲਈ ਕੋਈ ਵੀ ਤਿਆਰ ਨਹੀਂ ਹੋਇਆ। ਜਿਉਂ ਹੀ ਭਾਈ ਲਹਿਣਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ। ਉਨ੍ਹਾਂ ਨੇ ਝੱਟ ਪੱਟ ਮਰਿਆ ਚੂਹਾ ਚੁੱਕ ਕੇ ਬਾਹਰ ਜਾ ਦਬਾਇਆ। ਉਹ ਥਾਂ ਪੋਚਾ ਮਾਰ ਕੇ ਸਾਫ ਵੀ ਕਰ ਦਿੱਤੀ। ਇਸ ਤਰਾਂ ਬਦਬੋ ਖਤਮ ਹੋ ਗਈ।

ਇਹ ਵੇਖ ਕੇ ਗੁਰੂਦੇਵ ਜੀ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਆਪਣੇ ਪ੍ਰਵਚਨਾਂ ਵਿੱਚ ਕਿਹਾ, **"ਸੇਵਕ ਉਹੀ ਹੈ ਜੋ ਇਸ਼ਾਰਾ ਹੋਣ ਦੀ ਉਡੀਕ ਨਾ ਕਰਦਿਆਂ ਹੋਇਆਂ ਵੀ ਸੇਵਾ ਲਈ ਤੱਤਪਰ ਰਹੇ।"**

## ਧਰਮਸਾਲਾ ਦੀ ਢੱਠੀ ਕੰਧ ਉਸਾਰਨਾ

ਬਰਸਾਤੀ ਮੌਸਮ ਵਿੱਚ ਰਾਤ ਵੇਲੇ ਮੀਂਹ ਪੈਣ ਕਰਕੇ ਕਰਤਾਰ ਪੁਰ ਦੀ ਧਰਮਸਾਲਾ ਦੀ ਕੱਚੀ ਕੰਧ੍ਹ ਇਕ ਪਾਸਿਉਂ ਡਿੱਗੀ ਵੇਖ ਕੇ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ, ਸ੍ਰੀ ਚੰਦ ਨੂੰ ਆਦੇਸ਼ ਦਿੱਤਾ, "ਬੇਟਾ! ਇਹ ਕੰਧ੍ਹ ਉਸਾਰਨ ਦਾ ਜਲਦੀ ਯਤਨ ਕਰੋ।" ਸ੍ਰੀ ਚੰਦ ਨੇ ਕਿਹਾ, "ਪਿਤਾ ਜੀ! ਅਜੇ ਰਾਤ ਹੈ, ਅਤੇ ਕਿਣ ਮਿਣ ਵੀ ਹੋ ਰਹੀ ਹੈ। ਇਸ ਵੇਲੇ ਕੰਧ ਤਿਆਰ ਕਰਨੀ ਮੁਸ਼ਕਲ ਹੈ।" ਗੁਰੂਦੇਵ ਜੀ ਨੇ ਲਖਮੀ ਦਾਸ ਨੂੰ ਕਿਹਾ ਕਿ ਬੇਟਾ ਜਿਵੇਂ ਵੀ ਹੋਵੇ, ਕੰਧ੍ਹ ਹੁਣੇ ਹੀ ਬਣਾਓ। ਉਸ ਨੇ ਕਿਹਾ, "ਪਿਤਾ ਜੀ, ਵੀਰ ਜੀ ਠੀਕ ਹੀ ਕਹਿ ਰਹੇ ਹਨ। ਦਿਨ ਵੇਲੇ ਹੀ ਕੁਝ ਕੀਤਾ ਜਾ ਸਕਦਾ ਹੈ।" ਗੁਰੂਦੇਵ ਜੀ ਨੇ ਭਾਈ ਬੁੱਡਾ ਜੀ ਨੂੰ ਇਸ਼ਾਰਾ ਕੀਤਾ, "ਬੇਟਾ ਤੁਸੀਂ ਇਹ ਕੰਧ ਹੁਣੇ ਬਨਾਉਣੀ ਸ਼ੁਰੂ ਕਰ ਦਿਓ।" ਉਨ੍ਹਾਂ ਨੇ ਵੀ ਕਿਹਾ, ਗੁਰੂਦੇਵ ਜੀ, ਇਸ ਵੇਲੇ ਕੱਚਾ ਤੇ ਗਿਲਾ ਗਾਰਾ ਟਿਕੇਗਾ ਨਹੀਂ, ਮਿਹਨਤ ਵਿਅਰਥ ਜਾਏਗੀ। ਸਵੇਰ ਵੇਲੇ ਹੀ ਬਣੇਗੀ।"

**ਭਾਈ ਲਹਿਣਾ ਜੀ ਨੇ ਇਸ਼ਾਰਾ ਹੁੰਦਿਆਂ ਹੀ ਕੰਧ੍ਹ ਬਣਾਉਣੀ ਸ਼ੁਰੂ ਕਰ ਦਿੱਤੀ।** ਕਿਣ ਮਿਣ ਵੀ ਮੱਠੀ ਪੈ ਗਈ, ਸਵੇਰ ਹੋਣ ਤੱਕ ਢੱਠੀ ਹੋਈ ਕੰਧ੍ਹ ਬਣਾ ਦਿੱਤੀ। ਸੰਗਤ ਨੇ ਬਾਬਾ ਲਹਿਣਾ ਜੀ ਨੂੰ ਸਤਿਕਾਰ ਭਰੀਆਂ ਨਜ਼ਰਾਂ ਨਾਲ ਤੱਕਿਆ।

ਗੁਰੂ ਜੀ ਨੇ ਸੰਗਤ ਵਿੱਚ ਪ੍ਰਵਚਨ ਕਰਦੇ ਹੋਏ ਕਿਹਾ, **"ਸੱਚਾ ਸਿੱਖ ਉਹੀ ਹੈ ਜੋ ਆਦੇਸ਼ ਹੁੰਦਿਆਂ ਹੀ ਗੁਰੂ ਦੇ ਹੁਕਮਾਂ ਦੀ ਹਰ ਹਾਲ ਵਿੱਚ ਪਾਲਨਾ ਕਰਨ ਲਈ ਜੁੱਟ ਜਾਵੇ।"**

## ਅੰਬ ਤੇ ਚੜਣਾ

ਇਕ ਦਿਨ ਭਾਰੀ ਮੀਂਹ ਪੈਣ ਕਰਕੇ ਲਕੜੀਆਂ ਗਿੱਲੀਆਂ ਹੋ ਗਈਆਂ ਰਾਤ ਦਾ ਲੰਗਰ ਤਿਆਰ ਨਾ ਹੋ ਸਕਿਆ। ਇਸ ਲਈ ਸੰਗਤ ਨੂੰ ਰਾਤ ਨੂੰ ਭੁੱਖੇ ਹੀ ਸੌਣਾ ਪਿਆ। ਦਿਨ ਚੜਿਆ, ਮੀਂਹ ਰੁਕਿਆ, ਭੋਜਨ ਦਾ ਪ੍ਰਬੰਧ ਹੋਣ ਲੱਗਾ। ਲਕੜੀਆਂ ਗਿਲੀਆਂ ਹੋਣ ਕਰਕੇ ਅਜੇ ਸਮਾਂ ਲਗਣਾ ਸੀ। ਗੁਰੂਦੇਵ ਜੀ ਨੇ ਆਪਣੇ ਵੱਡੇ ਬੇਟੇ ਨੂੰ ਆਦੇਸ਼ ਦਿੱਤਾ, "ਬੇਟਾ ਸ੍ਰੀ ਚੰਦ, ਕੁਝ ਖਾਣ ਦਾ ਪ੍ਰਬੰਧ ਕਰੋ।" ਸ੍ਰੀ ਚੰਦ ਨੇ ਕਿਹਾ, "ਪਿਤਾ ਜੀ, ਲੰਗਰ ਤਿਆਰ ਹੋ ਰਿਹਾ ਹੈ। ਪਰ ਸਮਾਂ ਲੱਗੇਗਾ। ਗੁਰੂ ਜੀ ਦਾ ਛੋਟਾ ਬੇਟਾ ਲਖਮੀ ਦਾਸ ਵੀ ਗੱਲ ਟਾਲ ਗਇਆ।

ਭਾਈ ਲਹਿਣਾ ਜੀ ਝੱਟ ਸਾਹਮਣੇ ਵਾਲੇ ਅੰਬ ਦੇ ਦਰੱਖਤ ਤੇ ਚੜ ਗਏ। ਉਪਰ ਚੜ ਕੇ ਟਾਹਣੀਆਂ ਨੂੰ ਜ਼ੋਰ ਨਾਲ ਹਿਲਾਇਆ ਤਾਂ ਪੱਕੇ ਹੋਏ ਅੰਬ ਡਿਗਣ ਲੱਗੇ। ਸਾਰੀ ਸੰਗਤ ਨੇ ਅੰਮ੍ਰਿਤ ਵਰਗੇ ਮਿਠੇ ਅੰਬ ਚੂਸ ਕੇ ਆਪਣੀ ਉਦਰ ਪੂਰਤੀ ਕਰ ਲਈ। ਇਸ ਤੇ ਗੁਰੂ ਜੀ ਬਾਬਾ ਲਹਿਣਾ ਜੀ ਦੀ ਚੁਸਤੀ ਫੁਰਤੀ ਵੇਖ ਕੇ ਅਤੀ ਪ੍ਰਸੰਨ ਹੋਏ।

## ਖੱਡੇ (ਟੋਏ) ਵਿਚੋਂ ਗੜਵਾ ਕਢਣਾ

ਇਕ ਦਿਨ ਖੇਤਾਂ ਵੱਲ ਨੂੰ ਜਾਂਦਿਆਂ ਗੁਰੂ ਜੀ ਕੋਲੋਂ ਗੜਵਾ ਹੱਥੋਂ ਛੁੱਟ ਕੇ ਇਕ ਡੂੰਘੇ ਟੋਏ ਵਿੱਚ ਜਾ ਡਿੱਗਾ। ਆਪ ਜੀ ਨੇ ਸ੍ਰੀ ਚੰਦ ਨੂੰ ਗੜਵਾ ਕਢ੍ਹਣ ਲਈ ਕਿਹਾ। ਉਸ ਨੇ ਕਿਹਾ "ਪਿਤਾ ਜੀ! ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ! ਇਕ ਗੜਵਾ ਹੀ ਤਾਂ ਹੈ ਹੋਰ ਆ ਜਾਵੇਗਾ!" ਗੁਰੂਦੇਵ ਜੀ ਨੇ ਲਖਮੀ ਦਾਸ ਨੂੰ ਕਿਹਾ ਕਿ ਉਹ ਗੜਵਾ ਕੱਢ੍ਹ ਲਿਆਵੇ। ਉਨ੍ਹਾਂ ਨੇ ਝੱਟ ਉੱਤਰ ਦਿੱਤਾ, "ਪਿਤਾ ਜੀ! ਵੱਡੇ ਭਰਾ ਜੀ ਠੀਕ ਹੀ ਕਹਿ ਰਹੇ ਹਨ।" ਗੁਰੂਦੇਵ ਜੀ ਨੇ ਭਾਈ ਬੁੱਡਾ ਜੀ ਨੂੰ ਆਦੇਸ਼ ਦਿੱਤਾ, **"ਬੇਟੇ! ਗੜਵਾ ਕੱਢ੍ਹ ਲਿਆਉ।" ਉਨ੍ਹਾਂ ਨੇ ਕਿਹਾ "ਗੁਰੂਦੇਵ ਜੀ! ਆਪ ਧਰਮਸਾਲਾ ਵਿੱਚ ਜਾਉ ਮੈਂ ਗੜਵਾ ਕਢ੍ਹਵਾ ਕੇ ਲੈਆਉਂਦਾ ਹਾਂ।"**



**ਭਾਈ ਲਹਿਣਾ ਜੀ ਪਹਿਲਾਂ ਹੀ ਗੜਵਾ ਕਢਣ ਲਈ ਬੇਨਤੀ ਕਰ ਰਹੇ ਸਨ। ਸੋ ਇਸ਼ਾਰਾ ਹੁੰਦਿਆਂ ਹੀ ਉਨ੍ਹਾਂ ਖੱਡੇ ਵਿੱਚ ਛਾਲ ਮਾਰੀ ਅਤੇ ਗੜਵਾ ਕੱਢ ਕੇ ਪਾਣੀ ਨਾਲ ਧੋ ਮਾਂਜ ਕੇ ਗੁਰੂਦੇਵ ਜੀ ਦੇ ਸਨਮੁੱਖ ਕਰ ਦਿੱਤਾ।**

ਭਾਵੇਂ ਉਨ੍ਹਾਂ ਦੇ ਕੱਪੜੇ ਚਿੱਕੜ ਨਾਲ ਲਿੱਬੜ ਗਏ ਪਰ ਉਨ੍ਹਾਂ ਨੇ ਗੁਰੂਦੇਵ ਜੀ ਦੀ ਮਨਸ਼ਾ ਪੂਰੀ ਕਰਨ ਵਿੱਚ ਢਿੱਲ ਨਹੀਂ ਵਖਾਈ।

ਗੁਰੂਦੇਵ ਜੀ ਨੇ ਲਹਿਣਾ ਜੀ ਨੂੰ ਸ਼ਾਬਾਸ ਦਿੱਤੀ ਅਤੇ ਸਾਰੀ ਸੰਗਤ ਨੂੰ ਸੰਬੋਧਨ ਹੋ ਕੇ ਕਿਹਾ, **"ਗੱਲ ਗੜਵੇ ਦੀ ਨਹੀਂ, ਗੱਲ ਤਾਂ ਆਗਿਆ ਪਾਲਣ ਕਰਨ ਦੀ ਹੁੰਦੀ ਹੈ।"**



**ਭਾਈ ਲਹਿਣਾ ਜੀ ਗੜਵਾ ਧੋਂਦਿਆਂ।**

## ਸ਼ਮਸ਼ਾਨ ਘਾਟ ਵਿੱਚ ਜਾਣਾ

ਸਮਾਂ ਪਾ ਕੇ ਇਕ ਦਿਨ ਗੁਰੂਦੇਵ ਜੀ ਨੇ ਸ਼ਮਸ਼ਾਨ-ਘਾਟ ਵਿੱਚ ਇਕ ਵੱਡੀ ਕੜਾਹੀ ਵਿੱਚ ਹਲਵਾ (**ਪ੍ਰਸ਼ਾਦ**) ਤਿਆਰ ਕਰਵਾ ਕੇ ਉਸ ਕੜਾਹੀ ਦੇ ਚਾਰੇ ਪਾਸੇ ਲੱਕੜੀਆਂ, ਬਾਂਸ ਅਤੇ ਘਾਹ-ਫੂਸ ਇਸ ਤਰੀਕੇ ਨਾਲ ਜੋੜਿਆ ਕਿ ਉਹ ਚਾਦਰ ਨਾਲ ਢੱਕ ਦੇਣ ਉਪ੍ਰੰਤ ਇਕ ਲਾਸ਼ (ਮੁਰਦਾ) ਦਿਖਾਈ ਦੇਵੇ।

ਆਪ ਜੀ ਨੇ ਵਾਪਸ ਧਰਸਾਲਾ ਵਿੱਚ ਆ ਕੇ ਵੈਰਾਗੀਆਂ ਵਾਲੇ ਕਪੜੇ ਪਾ ਲਏ। ਸੰਗਤ ਦੇ ਆਉਣ ਤੱਕ ਗਲ ਵਿੱਚ ਚਾਂਦੀ ਦੇ ਸਿੱਕਿਆਂ ਦੀਆਂ ਮਾਲਾ ਲਟਕਾ ਕੇ ਇਕ ਹੱਥ ਵਿੱਚ ਮੋਟੀ ਜਿਹੀ ਡਾਂਗ ਅਤੇ ਦੂਜੇ ਹੱਥ ਵਿੱਚ ਕੁੱਤੇ ਦੀ ਰੱਸੀ ਫੜ ਕੇ ਬਿਨਾਂ ਕੁਝ ਦੱਸੇ ਨਗਰ ਦੇ ਬਾਹਰ ਸ਼ਮਸ਼ਾਨ-ਘਾਟ ਵੱਲ ਨੂੰ ਚੱਲ ਪਏ। ਇਹ ਵੇਖ ਕੇ ਉਨ੍ਹਾਂ ਦੇ ਪੁੱਤਰ ਅਤੇ ਸਾਰੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਹੋ ਤੁਰੀ। ਪਰ ਗੁਰੂਦੇਵ ਜੀ ਨੇ ਉਨ੍ਹਾਂ ਨੂੰ ਝਿੜਕ ਕੇ ਵਾਪਸ ਭਜਾ ਦਿੱਤਾ। ਕੁਝ ਸੇਵਕ ਡਟ ਗਏ ਅਤੇ ਵਾਪਸ ਨਹੀਂ ਗਏ। ਤਦ ਗੁਰੂਦੇਵ ਜੀ ਨੇ ਉਨ੍ਹਾਂ ਉਪਰ ਚਾਂਦੀ ਤੇ ਸੋਨੇ ਦੇ ਸਿੱਕੇ ਸੁੱਟੇ। ਵਧੇਰੇ ਸੰਗਤ, ਪੈਸੇ ਲੈ ਕੇ ਵਾਪਸ ਚਲੀ ਗਈ। ਪਰ ਨੇੜਲੇ ਸੇਵਕ ਅਤੇ ਉਨ੍ਹਾਂ ਦੇ ਸਪੁੱਤਰ, ਅਜੇ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਦੇ ਰਹੇ।

ਹੁਣ ਗੁਰੁਦੇਵ ਜੀ ਨੇ ਕੁੱਤੇ ਨੂੰ ਖੁੱਲ੍ਹਾ ਛੱਡ ਦਿੱਤਾ। ਕੁੱਤੇ ਦੇ ਵੱਢੇ ਜਾਣ ਦੇ ਡਰ ਤੋਂ ਕੁਝ ਸੇਵਕ ਅਤੇ ਦੋਵੇਂ ਪੁੱਤਰ ਵੀ ਵਾਪਸ ਪਰਤ ਗਏ ਅਤੇ ਸੋਚਣ ਲੱਗੇ, ਪਤਾ ਨਹੀਂ ਅੱਜ ਗੁਰੂ ਪਿਤਾ ਜੀ ਵਡੇਰੀ ਉਮਰ ਹੋ ਜਾਣ ਕਰਕੇ ਮਾਨਸਿੱਕ ਸੰਤੁਲਨ ਤਾਂ ਨਹੀਂ ਗੁਆ ਬੈਠੇ? ਕਿਉਂਜੋਂ ਗੁਰੂ ਜੀ ਦਾ ਇਸ ਤਰਾਂ ਦਾ ਵਤੀਰਾ ਪਹਿਲੀ ਵਾਰ ਹੀ ਵੇਖਣ ਵਿੱਚ ਆਇਆ ਸੀ।

ਬਾਬਾ ਬੁੱਡਾ ਜੀ ਅਤੇ ਭਾਈ ਲਹਿਣਾ ਜੀ ਨੂੰ ਪਿੱਛੇ- ਪਿੱਛੇ ਆਉਂਦੇ ਵੇਖ ਕੇ ਗੁਰੂ ਜੀ ਉਨ੍ਹਾਂ ਨੂੰ ਲਾਠੀਆਂ ਮਾਰ ਮਾਰ ਕੇ ਪਿੱਛੇ ਮੋੜਨ ਲੱਗੇ। ਬਾਬਾ ਬੁੱਢਾ ਜੀ ਇਕ ਲਾਠੀ (**ਡਾਂਗ**) ਖਾ ਕੇ ਉਥੇ ਹੀ ਰੁੱਕ ਗਏ।



ਪਰ ਭਾਈ ਲਹਿਣਾ ਜੀ ਡਾਂਗਾਂ ਪੈਂਦੀਆਂ ਵਿੱਚ ਵੀ ਨਿਝਕ ਹੋ ਕੇ ਗੁਰੂ ਜੀ ਦੇ ਪਿੱਛੇ ਪਿੱਛੇ ਤੁਰਦੇ ਰਹੇ।

ਗੁਰੂਦੇਵ ਜੀ ਨੇ ਲਹਿਣਾ ਜੀ ਨੂੰ ਗੁੱਸੇ ਨਾਲ ਝਿੜਕਦਿਆਂ ਹੋਇਆਂ ਆਖਿਆ, **"ਲਹਿਣਿਆਂ ਕਿਉਂ ਮਾਰ ਖਾ ਰਿਹਾ ਹੈਂ, ਪਿੱਛੇ ਕਿਉਂ ਨਹੀਂ ਮੁੜ ਜਾਂਦਾ?"**

ਲਹਿਣਾ ਜੀ ਨਿਮਰਤਾ ਸਹਿਤ ਝੁੱਕ ਕੇ ਹੱਥ ਜੋੜ ਕੇ ਆਖਣ ਲਗੇ, "ਗੁਰੂਦੇਵ ਪਿਤਾ ਜੀ, **"ਮੈਂ ਕਿਥੇ ਜਾਵਾਂ, ਮੇਰਾ ਤਾਂ ਹੁਣ ਕੋਈ ਹੋਰ ਥਾਂ ਟਿਕਾਣਾ ਨਹੀਂ ਹੈ।"**

ਗੁਰੂਦੇਵ ਜੀ ਲਹਿਣੇ ਨੂੰ ਬਾਹੋਂ ਫੜ ਕੇ ਸ਼ਮਸ਼ਾਨ ਘਾਟ ਵਿੱਚ ਲੈ ਗਏ। ਇਤਨੇ ਨੂੰ ਸੰਗਤ ਜੋ ਪਿੱਛੇ ਮੁੜ ਗਈ ਸੀ ਉਹ ਵੀ ਸ਼ਮਸ਼ਾਨ ਘਾਟ ਵਿੱਚ ਆਣ ਪਹੁੰਚੀ। ਗੁਰੂ ਜੀ ਨੇ ਬਨਾਵਟੀ ਚਿਖ਼ਾ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਲੱਗਣ ਦਿੱਤਾ ਸੀ।

ਸਭਨਾਂ ਦੇ ਆ ਜਾਣ ਤੇ ਬਸਤਰ ਧਾਰਨ ਕਰਕੇ, ਗੁਰੁਦੇਵ ਜੀ ਨੇ ਆਪਣੇ ਪੁੱਤਰਾਂ ਸਮੇਤ ਵਾਰੀ ਵਾਰੀ ਸਭ ਨੂੰ **ਚਿਖਾ ਤੇ ਪਏ ਮੁਰਦੇ ਨੂੰ ਖਾਣ ਲਈ ਆਖਿਆ।** ਸਾਰੀ ਸੰਗਤ ਸੋਚੀਂ ਪੈ ਗਈ, **"ਭਲਾ ਮੁਰਦਾ ਵੀ ਕੋਈ ਖਾਣ ਵਾਲੀ ਵਸਤੂ ਹੁੰਦੀ ਹੈ।"**

ਭਾਈ ਲਹਿਣਾ ਜੀ ਇਕਦਮ ਅੱਗੇ ਆਏ, ਨਿਰਮਤਾ ਸਹਿਤ ਗੋਡਿਆਂ ਪਰਨੇ ਹੋ ਕੇ ਹੱਥ ਜੋੜ ਕੇ ਬੇਨਤੀ ਕਰਨ ਲੱਗੇ! **"ਗੁਰੂਦੇਵ ਜੀ! ਆਗਿਆ ਦਿਓ, ਮੈਂ ਕਿਸ ਪਾਸਿਉਂ ਮੁਰਦਾ ਖਾਣਾ ਸ਼ੁਰੂ ਕਰਾਂ!"**


**ਹੁਕਮ ਹੋਇਆ, "ਪੈਰਾਂ ਵੱਲੋਂ ਖਾਣਾ ਸ਼ੁਰੂ ਕਰੋ।" ਜੱਦ ਭਾਈ ਲਹਿਣਾ ਜੀ ਨੇ ਤੁਰੰਤ ਚਾਦਰ ਚੁੱਕੀ ਤਾਂ ਸਾਰੀ ਸੰਗਤ ਕੜਾਹ ਪ੍ਰਸ਼ਾਦ** ਪਿਆ ਵੇਖ ਕੇ ਹੈਰਾਨ ਰਹਿ ਗਈ **ਅਤੇ ਕਹਿ ਉੱਠੀ ਕਿ ਇਹ ਕੇਹੀ ਪ੍ਰੀਖਿਆ ਹੈ!**



**ਭਾਈ ਲਹਿਣਾ ਜੀ ਮੁਰਦਾ ਖਾਣ ਲਈ ਬੇਨਤੀ ਕਰਦਿਆਂ**

**ਪ੍ਰਭੂ ਅੱਗੇ ਅਰਦਾਸ ਕਰਨ ਉਪ੍ਰੰਤ ਕੜਾਹ ਪ੍ਰਸ਼ਾਦ ਸਭ ਨੂੰ ਵਰਤਾਇਆ ਗਿਆ।**

## ਉੱਤਰ ਅਧਿਕਾਰੀ ਦੀ ਚੋਣ



ਗੁਰੂਦੇਵ ਜੀ ਭਾਈ ਲਹਿਣਾ ਜੀ ਤੇ **ਕਿਰਪਾ ਦ੍ਰਿਸ਼ਟੀ ਕਰਦੇ ਹੋਏ ਕਹਿਣ ਲੱਗੇ, "ਲਹਿਣਿਆਂ! ਜੇ ਤੇਰਾ ਕੋਈ ਹੋਰ ਟਿਕਾਣਾ ਨਹੀਂ ਹੈ ਤਾਂ ਮੈਨੂੰ ਵੀ ਆਪਣੀ ਜੋਤਿ ਟਿਕਾਉਣ ਲਈ ਕੋਈ ਹੋਰ ਟਿਕਾਣਾ ਨਹੀਂ ਮਿਲ ਰਿਹਾ!** ਇਹ ਕਹਿ ਕੇ ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਗਲਵਕੜੀ ਵਿੱਚ ਲੈ ਕੇ ਅਸੀਸ ਦਿੰਦਿਆਂ ਬਚਨ ਕੀਤਾ **ਕਿ ਅੱਜ ਤੋਂ ਤੂੰ ਮੇਰਾ ਅੰਗ ਹੀ ਬਣ ਗਿਆ ਹੈਂ। ਇਸ ਲਈ ਤੇਰਾ ਨਾਮ ਲਹਿਣੇ ਦੀ ਥਾਂ ਅੱਜ ਤੋਂ ਅੰਗਦ ਹੋਇਆ। ਹੁਣ ਤੇਰੇ ਅਤੇ ਮੇਰੇ ਵਿੱਚ ਕੋਈ ਭੇਦ ਭਾਵ ਨਹੀ ਰਿਹਾ। ਤੂੰ ਮੇਰੇ ਵਿੱਚ ਅਭੇਦ ਹੋ ਗਿਆ ਹੈਂ। ਤੂੰ ਹੀ ਮੇਰਾ ਸੱਚਾ ਤੇ ਅਸਲੀ ਵਾਰਸ ਸਿੱਧ ਹੋਇਆ ਹੈਂ।**

## ਬਾਬਾ ਲਹਿਣਾ ਜੀ ਨੂੰ ਗੁਰਗੱਦੀ ਬਖਸ਼ਣੀ

ਉਤਰ ਅਧਿਕਾਰੀ ਦੀ ਸਹੀ ਚੋਣ ਕਰ ਲੈਣ ਉਪ੍ਰੰਤ ਗੁਰੂਦੇਵ ਜੀ ਨੇ ਦੂਰ ਨੇੜੇ ਸੰਦੇਸ਼ ਭੇਜ ਕੇ ਸਮੂਹ ਪ੍ਰੇਮਾ ਭਗਤੀ ਵਾਲੀ ਸੰਗਤ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਉਣ ਲਈ ਸੱਦਾ ਭੇਜਿਆ।

**2 ਸਤੰਬਰ 1539 ਈਸਵੀ** ਵਾਲੇ ਦਿਨ, ਵਿਸ਼ੇਸ਼ ਅਲਾਹੀ ਕੀਰਤਨ ਦਰਬਾਰ ਸਜਾਇਆ ਗਿਆ। ਕੀਰਤਨ ਦੀ ਸਮਾਪਤੀ ਉਪ੍ਰੰਤ ਅਕਾਲ ਪੁਰਖ ਜੀ ਅੱਗੇ ਅਰਦਾਸ ਬੰਦਨਾ ਕਰਕੇ ਗੁਰੂ ਜੀ ਨੇ ਆਪਣੇ ਪ੍ਰਵਚਨਾਂ ਵਿੱਚ, ਸਾਰੀਆਂ ਪਰਖਾਂ ਵਿੱਚ ਪੂਰੇ ਉਤਰਨ ਵਾਲੇ ਮਨੁੱਖ, **ਬਾਬਾ ਲਹਿਣਾ ਜੀ** ਨੂੰ ਗੁਰੂਜੋਤਿ ਦਾ ਅਗਲਾ ਵਾਰਸ ਹੋਣ ਦਾ ਐਲਾਨ ਕਰ ਦਿੱਤਾ।

ਸਮੂਹ ਸੰਗਤ ਨੇ ਗੁਰੂ ਜੀ ਦਾ ਆਦੇਸ਼ ਖਿੜੇ ਮੱਥੇ ਪ੍ਰਵਾਨ ਕਰ ਲਿਆ। ਹਰ ਪਾਸਿਓਂ ਧੰਨ ਨਿਰੰਕਾਰ, ਧੰਨ ਨਿਰੰਕਾਰ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ।

**ਬਾਬਾ ਲਹਿਣਾ ਜੀ ਗੁਰੂਦੇਵ ਜੀ ਦੀ ਆਗਿਆ ਅਨੁਸਾਰ ਇਸ਼ਨਾਨ ਕਰਕੇ , ਨਵਾਂ ਚੋਲਾ ਪਾ ਕੇ ਗੁਰੂਦੇਵ ਜੀ ਦੇ ਸਨਮੁੱਖ ਹੋ ਗਏ।**

**ਗੁਰੂਦੇਵ ਜੀ ਆਪਣੇ ਆਸਣ ਤੋਂ ਉੱਠੇ ਅਤੇ ਬਾਬਾ ਲਹਿਣਾ ਜੀ ਨੂੰ ਆਪਣੇ ਨਿੱਜੀ ਆਸਣ ਤੇ ਬੈਠ ਜਾਣ ਲਈ ਆਦੇਸ਼ ਦਿੱਤਾ।**

ਬਾਬਾ ਲਹਿਣਾ ਜੀ ਗੁਰੂਦੇਵ ਜੀ ਦਾ ਅਲਾਹੀ ਫੁਰਮਾਨ ਸਵੀਕਾਰ ਕਰਦਿਆਂ, ਆਦਰ ਸਹਿਤ ਹੱਥ ਜੋੜ ਕੇ ਨਮਸ਼ਕਾਰ ਕਰਕੇ ਗੁਰੂਦੇਵ ਜੀ ਦੇ ਨਿਜੀ ਆਸਣ ਤੇ ਬਿਰਾਜਮਾਨ ਹੋ ਗਏ।





ਗੁਰੂਦੇਵ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਉਨ੍ਹਾਂ ਨੂੰ **ਸਿਰੋਪਾਓ ਦੀ ਬਖਸ਼ਿੱਸ਼ ਕੀਤੀ ਅਤੇ ਅਸ਼ੀਰਵਾਦ ਦਿੱਤਾ।**

**ਬਾਬਾ ਬੁੱਡਾ ਜੀ ਦੁਆਰਾ ਦਸਤਾਰ ਬੰਦੀ ਦੀ ਰਸਮ ਪੂਰੀ ਕਰਵਾਈ ਗਈ।**

ਗੁਰੂਦੇਵ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਬਚਨ ਕੀਤੇ ਕਿ **ਲਹਿਣਾ ਜੀ ਹੁਣ ਮੇਰਾ ਅੰਗ (ਸਰੂਪ) ਬਣ ਗਏ ਹਨ। ਹੁਣ ਸਰਬਸਾਂਝੇ ਅਲਾਹੀ ਸਿਧਾਂਤ ਅਤੇ ਵਿਚਾਰਧਾਰਾ ਦੀ ਪੂਰਤੀ ਕਰਵਾਉਣ ਲਈ ਅੰਗਦ ਦੇਵ ਜੀ ਪੂਰਨ ਤੇ ਸਮਰੱਥ ਦੂਜੀ ਗੁਰੂ ਜੋਤਿ ਹੋ ਗਏ ਹਨ।**

**ਗੁਰਿਆਈ ਦੀਆਂ ਰਸਮਾਂ ਸੰਪੂਰਨ ਹੋ ਜਾਣ ਉਪ੍ਰੰਤ ਗੁਰੂਦੇਵ ਜੀ ਨੇ ਗੁਰੂ ਅਗੰਦ ਦੇਵ ਜੀ ਨੂੰ ਨਮਸ਼ਕਾਰ ਕੀਤੀ ਅਤੇ ਸਾਰੀ ਸੰਗਤ ਨੂੰ ਉਨ੍ਹਾਂ ਦਾ ਅਗਲੇ ਗੁਰੂ ਹੋਣ ਕਰਕੇ ਪੂਰਨ ਸਤਿਕਾਰ ਕਰਨ ਦਾ ਆਦੇਸ਼ ਦਿੱਤਾ।**

ਸਮੂੰਹ ਸੰਗਤ ਨੇ ਅੱਗੇ ਹੋ ਕੇ ਵਾਰੀ-ਵਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਦਰ ਤੇ ਸਤਿਕਾਰ ਸਹਿਤ ਨਮਸ਼ਕਾਰ ਕੀਤੀ ਅਤੇ **ਸਤਿਗੁਰੂ ਨਾਨਕ ਸਾਹਿਬ ਜੀ ਦੀ ਥਾਂ ਉਨ੍ਹਾਂ ਨੂੰ ਆਪਣਾ ਅਗਲਾ ਗੁਰੂ ਮੰਨ ਲਿਆ।**

**ਇਸ ਤਰਾਂ ਗੁਰੂਦੇਵ ਜੀ ਨੇ ਦੀਪਕ ਤੋਂ ਦੀਪਕ ਜਗਾ ਕੇ ਆਪਣਾ ਨਿੱਜ ਸਰੂਪ ਆਪਣੇ ਸਰਬਸਮ੍ਰੱਥ ਚੇਲੇ ਵਿੱਚ ਪ੍ਰਵੇਸ਼ ਕਰ ਵਿਖਾਇਆ ਭਾਵ ਆਪਣਾ ਰੂਪ ਵਟਾ ਲਿਆ। ਆਪਣੀ ਅਧਿਆਤਮਿੱਕ ਜੋਤਿ ਅੰਗਦ ਦੇਵ ਜੀ ਵਿੱਚ ਪ੍ਰਵੇਸ਼ ਕਰਕੇ ਦੂਜਾ ਨਾਨਕ ਭਾਵ ਦੂਜੀ ਗੁਰੂਜੋਤਿ ਉਪਸਥਿੱਤ ਕਰ ਦਿੱਤੀ।**

ਇਹ ਅਲਾਹੀ ਵਰਤਾਰਾ, ਇਸ ਨਾਸ਼ਮਾਨ ਸੰਸਾਰ ਵਿੱਚ ਪਹਿਲੀ ਵਾਰ ਸਿੱਖ ਸਮੁਦਾਏ ਦੇ ਬਾਨੀ ਅਤੇ ਵਾਲੀ ਨੇ ਪੰਜ ਭੋਤਕ ਸ੍ਰੀਰ ਵਿੱਚ ਵਿਚਰਦਿਆਂ ਹੋਇਆਂ ਆਪਣੀ ਆਤਮਿੱਕ ਅਤੇ ਅਧਿਆਤਮਿੱਕ ਜੋਤਿ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਆਪਣੇ ਪਿਆਰੇ ਪੁਤਰਾਂ ਨੂੰ ਇਸ ਲਾਇਕ ਨਾ ਸਮਝਦੇ ਹੋਏ ਇਕ ਅਨਿੱਨ ਸੇਵਕ ਵਿੱਚ ਪ੍ਰਵੇਸ਼ ਕਰ ਵਿਖਾਈ।

ਨੋਟ:- ਗੁਰੂਦੇਵ ਜੀ ਵਲੋਂ ਚਲਾਈ ਇਹ ਅਦੁਤੀ ਅਤੇ ਵਿਲਖੱਣ ਪ੍ਰੰਪਰਾ ਨੌਂ (9) ਮਨੁੱਖੀ ਜਾਮਿਆਂ ਵਿੱਚ ਪ੍ਰਵੇਸ਼ ਕਰਨ ਉਪ੍ਰੰਤ ਆਖਰੀ ਤੇ ਦਸਵੇਂ (ਉਨ੍ਹਾਂ ਸਮੇਤ ਗਿਆਰਵੇਂ) ਜਾਮੇਂ, **ਸਰਬਸਮਰੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦ ਗੁਰੂ)** ਨੂੰ ਸਥਾਈ ਅਤੇ ਸਦੀਵੀ ਗੁਰਿਆਈ ਬਖਸ਼ਣ ਤੱਕ ਪੰਜ ਭੋਤਿੱਕ ਸਰੀਰ ਛੱਡਣ ਤੋਂ ਪਹਿਲਾਂ ਹੀ ਹਰ ਗੁਰੂ ਸਾਹਿਬਾਨ ਵੱਲੋਂ ਭਲੀ ਭਾਂਤ ਨਿਭਾਈ ਜਾਂਦੀ ਰਹੀ ਹੈ।

ਗੁਰੂਦੇਵ ਜੀ ਨੇ ਗੁਰੂ ਪੁਤਰਾਂ ਦੇ ਅੰਸ਼ਕ ਵਿਰੋਧ ਨੂੰ ਭਾਂਪਦੇ ਹੋਏ ਗੁਰੂ ਅੰਗਦ ਦੇਵ ਜੀ ਨੂੰ, ਕਰਤਾਰਪੁਰ ਸਾਹਿਬ ਤੋਂ ਖਡੂਰ ਜਾ ਕੇ ਅਲਾਹੀ ਸਿੱਖ ਸਿਧਾਂਤਾਂ ਦੇ ਪ੍ਰਚਾਰ ਲਈ ਨਵਾਂ ਕੇਂਦਰ ਸਥਾਪਿਤ ਕਰਨ ਲਈ ਆਦੇਸ਼ ਦਿੱਤਾ ਤਾਂ ਜੋ ਅਲਾਹੀ ਸਿਧਾਂਤਾਂ ਦੇ ਪ੍ਰਚਾਰ ਵਿੱਚ ਕੋਈ ਰੁਕਾਵਟ ਨਾ ਆਵੇ, ਸਿੱਖ ਸੰਗਤ ਵਿੱਚ ਅਨੁਕੂਲ ਵਾਤਾਵਰਨ ਅਤੇ ਪ੍ਰਸਪਰ ਸ਼ਰਧਾ ਨੂੰ ਢਾਅ ਨਾ ਲੱਗੇ।

ਗੁਰੂਦੇਵ ਜੀ ਨੇ ਹੱਥ ਲਿਖਿਤ ਉਹ ਸਾਰੀਆਂ ਪੋਥੀਆਂ ਜੋ ਉਨ੍ਹਾਂ ਨੇ ਆਪਣੀਆਂ ਪ੍ਰਚਾਰ ਫੇਰੀਆਂ ਸਮੇਂ ਆਪਣੇ ਕਰ ਕਮਲਾਂ ਦੁਆਰਾ ਲਿਖੀਆਂ, ਉਹ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀਆਂ।

**ਗੁਰਿਆਈ ਦੇ ਇਸ ਅਦਭੁੱਤ ਵਰਤਾਰੇ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ '22 ਵਾਰਾਂ' ਵਿੱਚ ਇਸ ਤਰਾਂ ਕਲਮ ਬੰਦ ਕੀਤਾ ਹੈ।**

**"ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥**
**ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ॥**
**ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ॥**
**ਕਾਇਆ ਪਲਟਿ ਸਰੂਪ ਬਣਾਇਆ॥ ੪੫॥"**

(ਭਾਈ ਗੁਰਦਾਸ ਜੀ, ਵਾਰ-੧)

**ਇਸ ਪ੍ਰਤੱਖ ਤੇ ਅਸਚਰਜ ਵਰਤਾਰੇ ਨੂੰ 'ਭੱਟ ਟਲ੍ਹ ਜੀ' ਨੇ ਆਪਣੇ ਮੁਖਾਰਬਿੰਦ ਤੋਂ ਇਸ ਤਰਾਂ ਉਚਾਰਿਆ ਹੈ।**

**"ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥**
**ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥"**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੬੭

## ਸ੍ਰੀ ਗੁਰੂ ਅੰਗਦ ਦੇਵ ਜੀ ਦਾ ਖਡੂਰ ਸਾਹਿਬ ਜਾਣਾ

ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂਦੇਵ ਜੀ ਦਾ ਅਲਾਹੀ ਆਦੇਸ਼ ਮਿਲਦੇ ਹੀ, ਉਨ੍ਹਾਂ ਵਲੋਂ ਮਿਲੀਆਂ ਸਾਰੀਆਂ ਪੋਥੀਆਂ ਸੰਭਾਲ ਕੇ ਲੋੜੀਦੀਆਂ/ਉਪੰਲਭਧ ਸਵਾਰੀਆਂ ਦਾ ਪ੍ਰਬੰਧ ਕਰਕੇ ਸੰਗਤ ਸਮੇਤ, ਰਸਤੇ ਵਿੱਚ ਪੜਾਅ ਕਰਦੇ ਹੋਏ ਭਲੀ ਭਾਂਤ 'ਖਡੂਰ ਨਗਰ' ਚਲੇ ਗਏ।

**ਖਡੂਰ ਨਗਰ ਪਹੁੰਚ ਕੇ ਗੁਰੂਦੇਵ ਜੀ ਦੇ ਦਰਸਾਏ ਮਾਰਗ ਅਤੇ ਅਲਾਹੀ ਸਿਧਾਂਤਾਂ ਦਾ ਪ੍ਰਚਾਰ ਆਰੰਭ ਕਰ ਦਿੱਤਾ।**

**ਸਭ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਭਾਸ਼ਾ ਵਿੱਚ ਗੁਰਮੁਖੀ ਲਿਪੀ ਨੇਮ ਬਧੁ ਕਰਕੇ ਗੁਰਮੁੱਖੀ ਲਿਪੀ (ਵਰਨਮਾਲਾ) ਦਾ ਪਹਿਲਾ ਬਾਲ ਬੋਧ ਪ੍ਰਕਾਸ਼ਿਤ ਕੀਤਾ। ਸਿੱਖ ਸੰਗਤ ਨੂੰ ਨਿਤਾ ਪ੍ਰਤੀ ਉਪਦੇਸ਼ ਕਰਨਾ ਆਰੰਭ ਦਿੱਤਾ। ਹਰ ਰੋਜ਼ ਕੀਰਤਨ ਦਰਬਾਰ ਸਜਾਏ ਜਾਂਦੇ ਅਤੇ ਪ੍ਰਵਚਨ ਕੀਤੇ ਜਾਣ ਲੱਗੇ।**

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕਰਤਾਰਪੁਰ ਤੋਂ ਵਿਦਾ ਹੋਣ ਉਪ੍ਰੰਤ

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਭੇਜ ਦੇਣ ਉਪ੍ਰੰਤ ਗੁਰੂਦੇਵ ਜੀ ਕਰਤਾਰਪੁਰ ਸਾਹਿਬ ਵਿੱਚ ਪਹਿਲਾਂ ਵਾਂਗ ਹੀ ਕੀਰਤਨ ਦਰਬਾਰ ਸਜਾਉਂਦੇ ਅਤੇ ਪ੍ਰਵਚਨ ਕਰਦੇ। ਸੰਗਤ ਨੂੰ ਆਦੇਸ਼ ਦਿੰਦੇ ਕਿ ਅੱਗੋ ਤੋਂ ਅਲਾਹੀ ਸੰਦੇਸ਼ ਪ੍ਰਾਪਤ ਕਰਦੇ ਰਹਿਣ ਲਈ ਖਡੂਰ ਜਾ ਕੇ ਗੁਰੂ ਅੰਗਦ ਦੇਵ ਜੀ ਦੇ ਚਰਨੀ ਲੱਗੋ।

ਗੁਰੂ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਰਹਿੰਦਿਆਂ ਤਕਰੀਬਨ 18 ਸਾਲ **"ਕਿਰਤ ਕਰੋ ਵੰਡ ਛਕੋ ਨਾਮ ਜਪੋ"** ਦੇ ਸਿਧਾਂਤ ਨੂੰ ਪ੍ਰਤੱਖ ਰੂਪ ਦੇਂਦਿਆਂ ਹੋਇਆਂ ਹੱਥੀਂ ਕਿਰਤ ਕਰਕੇ ਸੰਗਤ ਲਈ ਲੰਗਰ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਨੂੰ ਪਹਿਲ ਦਿੱਤੀ। ਸਵੇਰੇ-ਸ਼ਾਮ ਅਲਾਹੀ ਕੀਰਤਨ, ਅਤੇ ਪ੍ਰਵਚਨਾਂ ਦੀ ਛਹਿਬਰ ਲਾਈ ਰੱਖੀ। **ਜੋ ਵੀ ਮਾਈ ਭਾਈ ਸਤਿਸੰਗ ਵਿੱਚ ਆਉਂਦਾ, ਅਲਾਹੀ ਬਾਣੀ ਜਪਦਾ ਹੋਇਆ ਪ੍ਰਸੰਨ ਚਿੱਤ ਹੋ ਕੇ ਆਪਣੇ ਘਰ ਮੁੜਦਾ।**

## ਪੰਜ ਭੌਤਿਕ ਸ੍ਰੀਰ ਤਿਆਗਣਾ

**22 ਸਿਤੰਬਰ 1539 ਵਾਲੇ ਦਿਨ ਕਰਤਾਰਪੁਰ ਸਾਹਿਬ ਵਿਖੇ** ਅਲਾਹੀ ਕੀਰਤਨ ਦੀ ਸਮਾਪਤੀ ਉਪ੍ਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਨੂੰ ਪ੍ਰਭੂ ਲੀਲਾ ਵਿੱਚ ਸੰਤੁਸ਼ਟ ਅਤੇ ਪ੍ਰਸੰਨ ਰਹਿਣ ਦਾ ਬਚਨ ਕਰਦਿਆਂ, ਚਾਦਰ ਤਾਣ ਕੇ ਸਦਾ ਦੀ ਨੀਂਦ ਸੌਂ ਗਏ। ਭਾਵ ਅਕਾਲਪੁਰਖ ਦੀ ਗੋਦ ਵਿੱਚ ਜਾ ਬਿਰਾਜੇ।

## ਅੰਤਮ ਰਸਮਾਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਭੌਤਿਕ ਸ੍ਰੀਰ ਤਿਆਗਣ ਦੀ ਖਬਰ ਸੁਣ ਕੇ ਵੱਡੀ ਗਿਣਤੀ ਵਿੱਚ, ਗੁਰੂ ਜੀ ਦੇ, ਸਾਰੇ ਧਰਮਾਂ ਦੇ ਸ਼ਰਧਾਲੂ ਆ ਬੈਠੇ। ਦੋ ਫਿਰਕਿਆਂ ਦੇ ਵੱਡੇ ਆਗੂਆਂ ਵਿੱਚ ਚਰਚਾ ਛਿੜ ਪਈ।

ਮੁਸਲਮਾਨ ਸ਼ਰਧਾਲੂਆਂ ਦੀ ਨੇ ਮੰਗ ਸੀ ਕਿ ਗੁਰੂ ਜੀ ਸਾਡੇ ਪੀਰ ਹਨ। ਇਸ ਲਈ ਅਸੀਂ ਇਸ ਪਵਿੱਤਰ ਦੇਹੀ ਦੀਆਂ ਅੰਤਮ ਰਸਮਾਂ ਆਪਣੇ ਧਰਮ ਅਨੁਸਾਰ ਪੂਰੀਆਂ ਕਰਾਂਗੇ।

ਵਿਸ਼ੇਸ਼ ਚੇਲਿਆਂ (ਸਿਖਾਂ) ਨੇ ਕਿਹਾ ਕਿ ਗੁਰੂ ਜੀ ਦੀ ਦੇਹੀ ਦਾ **ਅੰਤਮ ਸੰਸਕਾਰ,** ਉਨ੍ਹਾਂ ਦੀ ਵਿਚਾਰਧਾਰਾ ਅਨੁਸਾਰ, ਕਰਨਾ ਬਣਦਾ ਹੈ। ਕਿਉਂ ਜੋ ਗੁਰੂ ਜੀ ਖੱਤਰੀ ਕੁੱਲ ਵਿੱਚੋਂ ਹਨ।

ਕਾਫੀ ਖਿਚੋਤਾਨ ਉਪ੍ਰੰਤ ਸਾਰੀ ਸੰਗਤ ਇਸ ਨਿਰਨੇ ਤੇ ਪੁੱਜੀ ਕਿ ਇਸ ਸੰਬੰਧ ਵਿੱਚ ਗੁਰੂ ਜੀ ਦੇ ਆਪਣੇ ਵਿਚਾਰ ਜਾਣ ਲੈ ਜਾਣ ਫਿਰ ਉਸੇ ਵਿਧੀ ਦੁਆਰਾ ਉਨ੍ਹਾਂ ਦੀ ਪੰਜ ਭੌਤਿੱਕ ਮਿਰਤਿੱਕ ਦੇਹੀ ਦੀਆਂ ਅੰਤਮ ਰਸਮਾਂ ਪੂਰੀਆਂ ਕੀਤੀਆਂ ਜਾਣਗੀਆਂ।

ਇਹ ਅਲਾਹੀ ਸ਼ਬਦ ਉਚਾਰਨ ਕੀਤੇ ਗਏ:-

"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੬੬

ਤਥਾ

"ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੬੪੮

ਇਨਾਂ ਅਲਾਹੀ ਬਚਨਾਂ ਨੂੰ ਵਿਚਾਰ ਕੇ ਸਾਰਿਆਂ ਨੇ ਇਕ ਮੱਤ ਹੋ ਕੇ ਕਿਹਾ ਕਿ ਗੁਰਦੇਵ ਜੀ ਦੀ ਇੱਛਾ ਅਨੁਸਾਰ ਸੰਸਾਰਿੱਕ ਪਰੰਪਰਾ ਤੋਂ ਉੱਪਰ ਉੱਠ ਕੇ ਕਿਸੇ ਨਵੀਂ ਵਿਧੀ ਅਨੁਸਾਰ ਉਨ੍ਹਾਂ ਦੀ ਦੇਹ ਦਾ ਅੰਤਿਮ ਸੰਸਕਾਰ ਕਰ ਦਿੱਤਾ ਜਾਵੇ।

**ਤਦ ਗੁਰੂਦੇਵ ਜੀ ਦਾ ਮਿਰਤਕ ਸਰੀਰ ਸਤਿਕਾਰ ਸਹਿਤ ਰਾਵੀ ਨਦੀ ਵਿੱਚ ਜਲ ਪ੍ਰਵਾਹ ਕਰ ਦਿੱਤਾ ਗਿਆ।**

ਪ੍ਰੰਤੂ ਸ਼ਰਧਾਲੂਆਂ ਦੀ ਇਸ ਵਰਤਾਰੇ ਨਾਲ ਸੰਤੁਸ਼ਟੀ ਨਾ ਹੋਈ। ਸਭਨਾਂ ਦੀ ਸਹਿਮਤੀ ਨਾਲ ਰਾਵੀ ਨਦੀ ਦੇ ਸੱਜੇ ਕੰਢੇ ਤੇ ਉਨ੍ਹਾਂ ਦੀ ਯਾਦ ਵਜੋਂ ਇਕ ਸਮਾਧ ਦਾ ਨਿਰਮਾਣ ਕੀਤਾ ਗਿਆ। ਜੋ, ਸਮਾ ਪਾ ਕੇ ਦਰਿਆ ਵਿੱਚ ਹੜ ਆਉਣ ਨਾਲ ਜਲ ਪ੍ਰਵਾਹ ਹੋ ਗਈ।

ਅੱਜ ਸ੍ਰੀ ਕਰਤਾਰਪੁਰ ਸਾਹਿਬ ਵਿੱਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਦਾ ਸੰਕਲਪ ਸਾਕਾਰ ਕਰਦਿਆਂ, ਦੋਹਾਂ ਧਾਰਨਾਵਾਂ ਅਨੁਸਾਰ ਸ੍ਰੀ ਕਰਤਾਰਪੁਰ ਵਿਖੇ, ਇਕ ਸੁੰਦਰ ਗੁਰਦੁਆਰਾ ਸਾਹਿਬ ਅਤੇ ਸਮਾਧ ਵੀ ਸੁਸ਼ੋਬਤ ਹਨ।

ਅਕਾਲ ਰੂਪ, ਧੰਨ ਧੰਨ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿੱਚ ਇਕ ਸਰਬਸਾਂਝੇ ਧਰਮ ਦਾ ਸਥਾਈ ਮੀਲ ਪੱਥਰ ਗਡਿਆ ਹੈ, ਉਹ ਸਾਰੀ ਲੁਕਾਈ ਨੂੰ ਸਦੀਵੀ ਤੇ ਸ਼ਾਤਮਈ ਢੰਗ ਨਾਲ ਸਾਵਾਂ-ਪਧਰਾ ਜੀਵਨ ਜੀਊਣ ਦਾ ਗੁਰੂ ਪ੍ਰੰਪਰਾ ਰਾਹੀਂ ਅਲਾਹੀ ਸੰਦੇਸ਼ ਦੇਂਦੇ ਪ੍ਰਤੱਖ ਪ੍ਰਤੀਤ ਹੋ ਰਹੇ ਹਨ।

ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਧੁਰ ਕੀ ਬਾਣੀ, ਅਨਭਵੀ ਅਤੇ ਕਮਾਈ ਵਾਲੇ ਮਹਾਂ ਪੁਰਸ਼ਾਂ ਦੇ ਹਿਰਦਿਆਂ ਵਿੱਚੋਂ ਅਨਿਖੜਵੀਂ ਨਿਰੰਕਾਰੀ ਝਲਕ ਮਾਰਦੀ ਹੈ।

**ਸਤਿਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਦਾ ਬੀਜ ਸਰਵੋਤਮ ਹੈ! ਉਪਜਾਊ ਧਰਤੀ ਅਤੇ ਮਿਹਨਤੀ ਕਿਸਾਨ ਇਸ ਨੂੰ ਚਾਰ ਚੰਨ ਲਾ ਰਹੇ ਹਨ।**

**ਗੁਰੂਦੇਵ ਜੀ ਦਾ ਸੌਦਾ ਅਸਲੀ ਤੇ ਖਰਾ ਹੈ! ਉਤਮ ਵਿਕਰੇਤਾ, ਇਹ ਸੱਚਾ ਅਤੇ ਅਣਮੁੱਲਾ ਸੌਦਾ ਘਰੋ ਘਰੀਂ ਅਪੜਦਾ ਕਰਨ ਲਈ ਸਦਾ ਹੀ ਯਤਨਸ਼ੀਲ ਰਹਿੰਦੇ ਹਨ।**

**'ਜਗਤੁ ਗੁਰੁ ਬਾਬਾ' ਜੀ ਦੀ ਫੁੱਲਵਾੜੀ ਅਤਿ ਸੁੰਦਰ ਹੈ! ਸਮੂਹ ਸ੍ਰਿਸ਼ਟੀ ਇਸ ਅਲਾਹੀ ਬਗੀਚੇ ਨੂੰ ਪੂਰਨ ਸੁਹਿਰਦਤਾ ਨਾਲ ਹਰਿਆ ਭਰਿਆ ਅਤੇ ਖਿੜਿਆ ਰੱਖਣ ਲਈ ਤੱਤਪਰ ਹੈ।**

**(1) ਹਵਾਲਾ: ਮੂਲ ਹਿੰਦੀ ਪੁਸਤਕ, 'ਕ੍ਰਾਤੀਕਾਰੀ ਮਹਾਮਾਨਵ ਗੁਰੂ ਨਾਨਕ ਦੇਵ' (ਪੰਨਾ ਨੰ: 381)**

**(2) ਗਿਆਨੀ ਭਾਗ ਸਿੰਘ, ਮਹਿੰਦਰ ਸਿੰਘ ਜੋਸ, ਸੰਸਥਾਪੱਕ, ਸਿੱਖ ਮਿਸ਼ਨਰੀ ਕਾਲਜ ਦਿਲੀ (1975)**



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਦੇ ਬਸਤਰ,
ਡੇਰਾ ਬਾਬਾ ਨਾਨਕ (ਗੁਰਦਾਸਪੁਰ)



ਗੁਰਦੁਆਰਾ ਸੱਚ ਖੰਡ ਸਾਹਿਬ, ਡੇਰਾ ਬਾਬਾ ਨਾਨਕ (ਗੁਰਦਾਸਪੁਰ)



ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਖਡੂਰ ਸਾਹਿਬ

## ਸਮੀਕਸ਼ਾ (Review)

ਸੱਚ, ਕਿਸੇ ਵਿਅਕਤੀ ਵਿਸ਼ੇਸ਼, ਕਿਸੇ ਫਿਰਕੇ, ਕਿਸੇ ਧਰਮ, ਕਿਸੇ ਕੌਮ, ਕਿਸੇ ਰਹਿਬਰ ਜਾਂ ਕਿਸੇ ਗਰੁੱਪ ਦੀ ਮਾਲਕੀ ਨਹੀਂ ਹੁੰਦਾ ਸਗੋਂ ਸੱਚ ਤੇ ਸੱਚਾਈ ਸਮੁੱਚੀ ਮਨੁੱਖਤਾ ਦੀ ਸਦੀਵ ਕਾਲ ਲਈ ਹਰ ਯੁੱਗ ਵਿੱਚ ਅਤਿ ਲੋੜੀਂਦਾ ਤੱਥ ਹੈ। ਸੱਚਾ ਮਨੁੱਖ ਸਮੁੱਚੇ ਸੰਸਾਰ ਲਈ ਸਾਂਝਾ ਹੁੰਦਾ ਹੈ। ਉਹ ਕਿਸੇ ਦੀ ਅਧੀਨਗੀ ਪ੍ਰਵਾਨ ਨਹੀਂ ਕਰਦਾ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਸੰਸਾਰ ਦੇ ਇਤਿਹਾਸ ਵਿੱਚ ਅਲਾਹੀ ਸੱਚ ਦੇ ਅਡੋਲ ਤੇ ਨਿੱਗਰ ਸਿਤੰਭ ਹਨ। ਗੁਰੂ ਜੀ ਨੇ ਸਥਿਰਤਾ ਭਰਪੂਰ ਅਲਾਹੀ ਬਾਣੀ ਦੁਆਰਾ ਇਸ ਵਿਸ਼ਾਲ ਸਿਤੰਭ ਦੀ ਅਜਿਹੀ ਲਿੰਬਾ-ਪੋਚੀ ਕੀਤੀ ਹੈ ਜੋ ਜੁਗਾਂ ਜੁਗਾਂਤਰਾਂ ਤੱਕ ਇਸ ਦੀ ਚਮਕ ਨੂੰ ਸਥਾਈ ਤੇ ਟਿਕਾਊ ਰੱਖਦਿਆਂ ਹੋਇਆਂ ਮੱਧਮ ਨਹੀਂ ਪੈਣ ਦੇਵੇਗੀ।

ਗੁਰੂ ਜੀ ਨੇ ਸਰਬੱਤ ਦੇ ਭਲੇ ਦੀ ਆਧਾਰਸ਼ਿਲਾ ਹੀ ਨਹੀਂ ਰੱਖੀ ਸਗੋਂ ਸ਼ਕਤੀਸ਼ਾਲੀ ਮੀਨਾਰ ਉਸਾਰ ਕੇ ਆਕਾਸ਼ ਤੱਕ ਅਪੜਦਾ ਕੀਤਾ ਹੈ।

ਗੁਰੂ ਜੀ ਨੇ ਪਾਖੰਡ, ਆਡੰਬਰ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਕਪਟ, ਕਾਇਰਤਾ, ਕੁਚੱਜ, ਬਦੀ, ਬੇ-ਹੁਰਮਤੀ, ਬੇ-ਰਹਿਮੀ, ਬੇ-ਸਿਦਕੀ, ਬਲ-ਹੀਣਤਾ, ਬੇ-ਬਸੀ, ਜਹਾਲਤ ਅਤੇ ਜਬਰ ਦੇ ਹਨੇਰੇ ਨੂੰ ਸੱਚ ਦੀ ਕਾਤੀ ਨਾਲ ਨਸ਼ਟ ਕਰ ਦਿੱਤਾ ਹੈ।

ਗੁਰੂ ਜੀ ਨੇ ਜਾਤ-ਪਾਤ, ਉਚ-ਨੀਚ, ਸਰਮਾਏਦਾਰੀ, ਅਜਾਰੇਦਾਰੀ, ਧਾਰਮਿੱਕ ਜਨੂੰਨ, ਤੰਗ-ਦਿਲੀ, ਅਨਰਥ, ਅੱਤਿਆਚਾਰ, ਵਹਿਮ, ਭਰਮ, ਗਰੀਬੀ ਤੇ ਅਮੀਰੀ ਦਾ ਪਾੜਾ ਬਾਦਸ਼ਾਹ ਤੇ ਪਰਜਾ ਦਾ ਬੇ-ਜੋੜ ਹੋਣਾ ਆਦਿ ਦਾ ਡੱਟ ਕੇ ਖੰਡਨ ਕੀਤਾ ਅਤੇ ਅਲਾਹੀ ਸਿਧਾਂਤ ਦਾ ਲੋਹਾ ਮਨਵਾਇਆ ਹੈ।

ਅਲਾਹੀ ਸੰਦੇਸ਼ ਘਰ ਘਰ ਅਪੜਦਾ ਕਰਨ ਲਈ ਜਗਤੁ ਗੁਰੁ ਬਾਬਾ ਜੀ ਨੇ ਮੰਦਰਾਂ, ਮਸੀਤਾਂ ਵਿੱਚ ਜਾ ਕੇ ਪਾਂਡਿਆਂ, ਮੁੱਲਾਂ- ਮੁਲਾਨਿਆਂ, ਗ੍ਰਿਸਤੀਆਂ, ਕਾਮਿਆਂ, ਕਿਰਤੀਆਂ, ਕਿਸਾਨਾਂ, ਤਿਆਗੀਆਂ, ਵੈਰਾਗੀਆਂ, ਸਿੱਧਾਂ, ਜੋਗੀਆਂ, ਸਾਧਾਂ-ਸੰਤਾਂ, ਮਹੰਤਾਂ, ਸੁਦਾਗਰਾਂ, ਸਿਪਾਹੀਆਂ, ਜਰਨੈਲਾਂ, ਰਾਜੇ-ਰਾਣਿਆਂ, ਦੌਲਤ ਮੰਦਾਂ, ਸੇਠਾਂ, ਨਿਤਾਣਿਆਂ, ਨਿਮਾਣਿਆਂ, ਦੀਰਘ ਰੋਗੀਆਂ, ਅਨਾਥਾਂ, ਗਰੀਬਾਂ, ਵਿਹਲੜ ਤੇ ਸਮਾਜਿੱਕ ਚਿੱਚੜਾਂ, ਧਰਮ ਦੇ ਅਖੌਤੀ ਠੇਕੇਦਾਰਾਂ, ਨਮਾਜ਼ੀਆਂ, ਹਾਜੀਆਂ, ਕਾਜੀਆਂ, ਜਤੀਆਂ, ਸਤੀਆਂ, ਤਪੀਆਂ, ਜੋਗੀਆਂ, ਜੰਘਮਾਂ, ਜੈਨੀਆਂ, ਬੋਧੀਆਂ, ਭਗਤਾਂ, ਮਹਾਤਮਾਂ, ਬ੍ਰਾਹਮਣਾਂ, ਈਸਾਈਆਂ (God Fathers), ਹਾਫਿਜ਼ਾਂ ਪਾਰਸੀਆਂ, ਪਰਹੇਜ਼ਗਾਰਾਂ, ਆਬਿਦਾਂ, ਆਮਲਾਂ, ਜ਼ਾਹਿਦਾਂ, ਰਿੰਦਾਂ, ਸੂਫੀਆਂ, ਸਾਦਕਾਂ, ਸਾਬਰਾਂ, ਆਲਮ-ਫਾਜ਼ਿਲਾਂ, ਉੱਜਡਾਂ, ਵਹਿਸ਼ੀਆਂ, ਵਹਿਦਤ ਪ੍ਰਸਤਾਂ, ਵਹਿਮੀਆਂ, ਜਨੂੰਨੀਆਂ, ਮੋਮਨਾਂ, ਅਖੌਤੀ ਸੰਤਾਂ, ਮਹਾਤਮਾਂ, ਭਗਤਾਂ, ਆਦਿ ਸਭਨਾਂ ਨੂੰ ਸੱਚ ਦੀ ਸ਼ਕਤੀ ਤੇ ਪਿਆਰ ਭਰੀ ਭਾਸ਼ਾ ਵਰਤ ਕੇ ਧੁਰ ਦਰਗਾਹੋਂ ਆਏ ਫੁਰਮਾਣ ਸਦਕਾ ਸਾਵੇਂ ਪਧਰੇ ਰਾਹ ਤੇ ਚੱਲਣਾ ਸਿਖਾਇਆ ਹੈ।

ਗੁਰੂ ਜੀ ਨੇ ਇਕ ਅਦੁੱਤੀ ਧਰਮ ਦੀ ਸਥਾਪਨਾ ਕੀਤੀ ਹੈ ਜੋ ਸੰਸਾਰ ਦੇ ਛੇ ਵੱਡੇ ਧਰਮਾਂ ਵਿੱਚੋਂ ਕੇਵਲ ਗਿਣਿਆ ਹੀ ਨਹੀਂ ਜਾਂਦਾ ਸਗੋਂ ਪ੍ਰਮੁੱਖ ਹੋ ਕੇ ਉਭਰਿਆ ਹੈ। ਸਿੱਖ ਧਰਮ ਹੀ ਹੈ ਜੋ ਸਮੁੱਚੀ ਮਨੁੱਖਤਾ ਨੂੰ, ਅਧਿਆਤਮਿੱਕਤਾ ਵਿੱਚ ਪਰਪੱਕ ਹੋਣ ਦਾ ਹੋਕਾ ਦਿੰਦਿਆਂ ਉੱਤਮ ਆਚਾਰ ਦੀ ਕਸਵਟੀ ਤੇ ਅਕਾਲਪੁਰਖ, ਭਗਵਾਨ, ਅੱਲਾ, ਗੌਡ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕਰਕੇ ਮਨੁੱਖੀ ਹਿਰਦੇ ਵਿੱਚ ਅਕਲ ਦਾ ਦੀਵਾ ਸਦਾ ਹੀ ਜਗਾਈ ਰਖਦਾ ਹੈ।

ਗੁਰਦੇਵ ਜੀ ਨੇ ਅਧਿਆਤਮਿੱਕ ਸ਼ਕਤੀ ਦੁਆਰਾ ਧਰਤੀ ਹੇਠਲੇ ਜਲ ਦੇ ਪਧਰ ਦਾ ਗਿਆਨ ਰਖਦਿੱਆਂ 1● ਤੋਂ ਵੱਧ ਥਾਵਾਂ ਤੇ ਆਪਣੀਆਂ ਪ੍ਰਚਾਰ ਫੇਰੀਆਂ ਸਮੇਂ ਮਿੱਠੇ ਜਲ ਦੇ ਸੋਮੇਂ ਵੀ ਪ੍ਰਗਟ ਕੀਤੇ ਹਨ।

ਅਕਾਲਪੁਰਖ ਨੇ ਅਪਣਾ ਨਿੱਜ ਸਰੂਪ 'ੴ' ਦੇ ਰੂਪ ਵਿੱਚ ਬਖਸ਼ਿਸ ਕਰਦਿਆਂ ਫੁਰਮਾਣ ਕੀਤਾ ਹੈ ਕਿ ਸਮੁੱਚੀ ਸ੍ਰਿਸ਼ਟੀ, ਬ੍ਰਹਿਮੰਡ ਖੰਡ, ਪਾਤਾਲ, ਜੀਵ ਜੰਤੂ ਉਸ ਨੇ ਆਪ ਹੀ ਪੈਦਾ ਕੀਤੇ ਹਨ। ਉਹ ਹੀ ਇਕ ਹਸਤੀ ਹੈ ਜਿਸ ਦਾ ਸਭਨਾਂ ਉਪਰ ਹੁਕਮ ਚਲਦਾ ਹੈ।

ਸਰਵ ਉੱਚ ਹਸਤੀ ਦਾ ਇਹ ਸਿਧਾਂਤ ਸਮੁੱਚੀ ਮਾਨਵਤਾ ਤਕ ਅਪੜਦਾ ਕਰਨ ਲਈ ਗੁਰੂ ਜੀ ਨੇ ਸੰਸਾਰ ਦਾ ਭਰਮਣ ਕਰਦਿਆਂ ਇਹ ਆਦਰਸ਼ ਅਪਨਾਇਆ:-

"ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੨੬)

ਦੂਜੇ ਨਾਨਕ ਸ੍ਰੀ ਗੁਰੂ ਅਗੰਦ ਦੇਵ ਜੀ ਨੇ ਗੁਰੂਦੇਵ ਜੀ ਦੀ ਮਹਿਮਾ ਇਸ ਤਰਾਂ ਗਾਈ ਹੈ:-

"ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੫੦)

ਤੀਜੇ ਨਾਨਕ ਸ੍ਰੀ ਗੁਰੂ ਅਮਰ ਦਾਸ ਜੀ ਨੇ ਗੁਰੂਦੇਵ ਜੀ ਦੀ ਉਸਤੱਤ ਇਸ ਤਰਾਂ ਕੀਤੀ ਹੈ:-

"ਨਾਨਕ ਜਿਨ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੩੫)

ਚੌਥੇ ਨਾਨਕ ਸ੍ਰੀ ਗੁਰੂ ਰਾਮ ਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਅਲਾਹੀ ਬਾਣੀ ਨੂੰ ਧੁਰ ਕੀ ਬਾਣੀ ਪ੍ਰਮਾਣਿੱਤ ਕੀਤਾ ਹੈ:-

"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰ ਬਾਣੀ ਬਣੀਐ॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੩੦੪)

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੩੦੮)

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੦੨੮)

"ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੨੯੭)

ਪਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਹੱਸਤੀ ਨੂੰ ਮੁਕਤੀ ਦਾ ਸ੍ਰੋਤ ਅਖਿਆ ਹੈ:-

"ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੧੨)

"ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੧੨)

"ਹਰਖ ਅਨੰਤ ਸੋਗ ਨਹੀ ਬੀਆ॥ ਸੋ ਘਰੁ ਗੁਰਿ ਨਾਨਕ ਕਉ ਦੀਆ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੮੬)

"ਗੁਰੁ ਨਾਨਕ ਜਾ ਕਉ ਭਇਆ ਦਇਆਲਾ॥ ਸੋ ਜਨੁ ਹੋਆ ਸਦਾ ਨਿਹਾਲਾ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੩੯੬)

"ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੮੨੦)

"ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੩੮੬)

"ਹਰਿ ਗੁਰੁ ਨਾਨਕੁ ਜਿਨ ਪਰਸਿਅਉ ਤਿਨ ਸਭ ਕੁਲ ਕੀਓ ਉਧਾਰੁ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੩੮੬)

"ਹਰਿ ਗੁਰੁ ਨਾਨਕੁ ਜਿਨ ਪਰਸਿਅਉ ਤੇ ਬਹੁੜਿ ਫਿਰਿ ਜੋਨਿ ਨ ਆਏ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੩੮੬)

"ਹਰਿ ਗੁਰੁ ਨਾਨਕੁ ਜਿਨ ਪਰਸਿਅਉ ਤੇ ਇਤ ਉਤ ਸਦਾ ਮੁਕਤੇ॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੩੮੬)

ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਜੀ ਨੂੰ ਸਰਬ ਵਿਆਪਕ ਅਮਰ ਹਸਤੀ ਦਾ ਦਰਜਾ ਦਿੱਤਾ ਹੈ।

"ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ।
ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ॥"
ਬਚਿੱਤਰ ਨਾਟਕ, ਅੰਗ: ੫੩

ਬਾਣੀਕਾਰ, ਭੱਟ ਟਲ੍ਹ ਜੀ:-

"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥"
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੬੬)

ਬਾਣੀਕਾਰ, ਭੱਟ ਕਲ ਜੀ:- 'ਸਵਈਏ ਮਹਲੇ ਪਹਿਲੇ ਕੇ'
(ਭਾਵ ਅਰਥ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ =੧੩੮੯-੯੦

"ਮੈ ਉਸ ਅਕਾਲਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਕਾਗਰ ਮਨ ਨਾਲ ਸਿਮਰ ਕੇ ਪ੍ਰਮ ਸਤਿਗੁਰੂ ਨਾਨਕ ਦੇਵ ਜੀ ਦੇ ਗੁਣਾਤਮਿੱਕ ਸੋਹਿਲੇ ਗਾਉਂਦਾ ਹਾਂ ਗੁਰੁਦੇਵ ਜੀ ਪਾਪਾਂ ਦਾ

ਨਾਸ ਕਰਨ ਵਾਲੇ, ਧੀਰਜਵਾਨ ਅਤੇ ਅਤਿ ਗੰਭੀਰ ਹਨ।"

"ਉੱਚੀ ਮੱਤ ਵਾਲੇ ਜੋਗੀ, ਜੰਗਮ, ਇੰਦਰ ਦੇਵਤਾ, ਭਗਤ ਪ੍ਰਹਿਲਾਦ, ਰਾਜਾ ਜਨਕ, ਰਿਸ਼ੀ ਮੁਨੀ, ਸਿੱਧ, ਸਾਧ, ਧੋਮ ਰਿਸ਼ੀ, ਧਰੂ ਭਗਤ, ਕਪਿਲ ਰਿਸ਼ੀ, ਜਮਦਗਨ ਦਾ ਪੁੱਤਰ ਪਰਸਰਾਮ, ਬਿਦਰ, ਚਾਰੇ ਵਰਣ, ਛੇ ਭੇਖ, ਬ੍ਰਹਮਾ ਜੀ ਤੇ ਉਨ੍ਹਾਂ ਦੇ ਚਾਰੇ ਪੁੱਤਰ, ਹਜ਼ਾਰਾਂ ਜੀਭਾਂ ਵਾਲਾ ਸ਼ੇਸ਼ਨਾਗ, ਸ਼ਿਵਜੀ, ਪਾਤਾਲ ਪੁਰੀ ਦੇ ਜੀਵ, ਆਦਿ ਸਤਿਗੁਰੂ ਨਾਨਕ ਦੇਵ ਜੀ ਨੂੰ ਹੀ ਧਿਆਉਂਦੇ ਹਨ।"

ਸਤਿਜੁੱਗ ਵਿੱਚ ਰਾਜਾ ਬੱਲ ਨੂੰ ਹਰਾਇਆ; ਤ੍ਰੇਤੇ ਜੁਗ ਵਿੱਚ ਆਪੇ ਰਘੁਵੰਸ਼ੀ ਤੇ ਬਾਵਨ ਅਵਤਾਰ ਸੈਂ; ਦੁਆਪਰ ਵਿੱਚ ਤੂੰ ਹੀ ਕੰਸ ਨੂੰ ਮਾਇਆ ਤੋਂ ਮੁਕਤ ਕੀਤਾ; ਉਗਰ ਸੈਨ ਨੂੰ ਮਥਰਾ ਦਾ ਰਾਜ ਦਿਵਾਇਆ; ਤੂੰ ਕਲਜੁਗ ਵਿੱਚ ਗੁਰੂ ਅੰਗਦ ਤੇ ਗੁਰੂ ਅਮਰਦਾਸ ਅਖਵਾਇਆ। ਭਗਤ ਰਵਿਦਾਸ, ਜੈਦੇਵ, ਤ੍ਰਿਲੋਚਨ, ਨਾਮਦੇਵ, ਕਬੀਰ, ਬੇਣੀ, ਸੁਖਦੇਵ ਰਿਸ਼ੀ, ਗੌਤਮ ਰਿਸ਼ੀ, ਵਿਆਸ ਰਿਸ਼ੀ, ਨੌ ਨਾਥ, ਚਕਰਵਰਤੀ ਰਾਜਾ ਮਾਧਾਂਤਾ, ਭਰਥਰੀ, ਅੰਗਰ ਰਿਸ਼ੀ ਰਾਜਾ ਪੁਰੂ ਆਦਿ ਤੈਨੂੰ ਧਿਆਉਂਦੇ ਨਹੀਂ ਥਕਦੇ।"

"ਗੁਰੂ ਅੰਗਦ ਜੀ ਨੇ ਆਪ ਜੀ ਦੇ ਚਰਨ ਪ੍ਰਸ ਕੇ ਉੱਤਮ ਪਦਵੀ ਪਾਈ ਹੈ।"

"ਸਤਿਗੁਰੂ ਨਾਨਕ ਦੀ ਦੱਸੀ ਜੁਗਤੀ ਨਾਲ ਮਨ ਜਾਗ ਪੈਂਦਾ ਹੈ; ਨਿਮਰਤਾ ਤੇ ਪਿਆਰ ਵਿੱਚ ਭਿੱਜ ਜਾਂਦਾ ਹੈ।"

"ਗੁਰੂ ਨਾਨਕ ਦੀ ਮੱਤ ਅਚੱਲ ਅਤੇ ਅਮਰ ਟਿਕਾਣੇ ਤੇ ਟਿਕੀ ਹੋਈ ਹੈ, ਨਿਰਮਲ ਤੇ ਸ੍ਰੇਸ਼ਟ ਥਾਂ ਤੇ ਲੱਗੀ ਹੋਈ ਹੈ। ਉਨ੍ਹਾਂ ਨੇ ਨਿਮਰਤਾ ਦਾ ਬੁਰਕਾ ਪਾਇਆ ਹੋਇਆ ਹੈ। ਉਹ ਮਾਇਆ ਦੇ ਪ੍ਰਭਾਵ ਤੋਂ ਕੋਹਾਂ ਦੂਰ ਹਨ।"

ਭੱਟ ਕਲ ਸਹਾਰ ਦੇ ਸਵਈਏ ;ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ =੧੩੯੧ (ਭਾਵ ਅਰਥ)

"ਸਤਿਗੁਰੂ ਨਾਨਕ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਮਿਹਰ ਭਰਿਆ ਹੱਥ ਰੱਖ ਕੇ, ਨਾਮ ਅੰਮ੍ਰਿਤ ਦੀ ਵਰਸ਼ਾ ਕਰਕੇ ਉਨ੍ਹਾਂ ਨੂੰ ਧਨਤਾ ਦੇ ਯੋਗ ਬਣਾ ਦਿੱਤਾ। ਜਿਸ ਦੀ ਬਰਕਤ ਸਦਕਾ ਮਨੁੱਖ ਤੇ ਦੇਵਤੇ, ਰਿਸ਼ੀ ਮੁਨੀ ਵੀ ਪ੍ਰਮੁੱਖ ਤੌਰ ਤੇ ਅੰਮ੍ਰਿਤ ਵਿੱਚ ਗੜੁੱਚ ਹੋ ਗਏ। ਮੁਰਾਰੀ ਰੂਪ, ਜਗਤ ਗੁਰੂ ਨਾਨਕ ਦੇਵ ਜੀ ਨੂੰ ਪਰਸ ਕੇ ਗੁਰੂ ਅੰਗਦ ਦੀ ਸੋਭਾ ਸੱਤਾਂ ਦੀਪਾਂ ਵਿੱਚ ਫੈਲ ਰਹੀ ਹੈ।"

ਭੱਟ ਮਥੁਰਾ ਜੀ:- "ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੪੦੮)

ਅਚੱਲ ਬਟਾਲੇ ਵਿੱਚ ਜੋਗੀਆਂ ਦੀ ਮੰਡਲੀ ਨੇ ਗੁਰੂਦੇਵ ਜੀ ਨੂੰ ਇਸ ਤਰ੍ਹਾਂ ਵਡਿਆਇਆ :-

"ਧੰਨ ਨਾਨਕ ਤੇਰੀ ਵੱਡੀ ਕਮਾਈ"

ਸਤਿਕਾਰਯੋਗ ਭਾਈ ਗੁਰਦਾਸ ਜੀ, ਵਾਰ ੧:-

"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥੨੩॥"

"ਕਲਿ ਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥
ਕਲਿ ਤਾਰਣ ਗੁਰੁ ਨਾਨਕ ਆਇਆ॥23॥"

ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ॥
ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥੨੪॥"

"ਸਤਿਗੁਰ ਨਾਨਕ ਪ੍ਰਗਟਿਆ॥ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥੨੭॥"

"ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ॥
ਗੁਰਮੁਖਿ ਕਲਿ ਵਿਚ ਪਰਗਟੁ ਹੋਆ॥੨੭॥"

"ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥੪੫॥"

ਗੁਰੂ ਜੀ ਦੀਆਂ ਗਤੀ ਵਿਧੀਆਂ ਨੂੰ ਹੋਰ ਸਾਰਥਿੱਕ ਸਿੱਧ ਕਰਨ ਲਈ ਸੰਸਾਰ ਪ੍ਰਸਿੱਧ ਉੱਘੇ ਵਿਦਵਾਨਾਂ ਨੇ ਵੀ ਉਸਾਰੂ ਟਿੱਪਣੀਆਂ ਕੀਤੀਆਂ ਹਨ:-

ਸ੍ਰੀ ਮੁਰਾਰੀ ਬਾਪੂ; (1946) ਸੰਸਾਰ ਪ੍ਰਸਿਧ ਵਿਦਵਾਨ

"ਸ੍ਰੀ ਗੁਰੂ ਨਾਨਕ ਦੇਵ ਜੀ ਸਾਰੀ ਮਨੁੱਖਤਾ ਨੂੰ ਭਟਕਣ ਵਿਚੋਂ ਕੱਢਣ ਦਾ ਉਪਰਾਲਾ ਕਰਦੇ ਹਨ, ਸੱਚ ਦਾ ਮਾਰਗ ਦਸਦੇ ਹਨ ਤੇ ਆਪ ਉਂਗਲ ਫੜ ਕੇ ਚਲਾਉਣ ਦੀ ਜੁਗਤਿ

ਦੀ ਬਖਸ਼ਿਸ਼ ਵੀ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਘਰ ਸੁਖ ਨਿਧਾਨ ਦੀ ਵਰਸ਼ਾ ਹੋ ਰਹੀ ਹੈ।"

**ਸਰ ਮੁਹੰਮਦ ਇਕਬਾਲ;** (1877-1938) ਸੰਸਾਰ ਪ੍ਰਸਿਧ ਕਵੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬਪੱਖੀ ਮਾਨਵੀ, ਅਧਿਆਤਮਿੱਕ ਤੇ ਸਮਾਜਿਕ ਫਲਸਫੇ ਨੂੰ ਵਾਚਣ ਉਪ੍ਰੰਤ ਗੁਰੂ ਸਾਹਿਬ ਦੇ ਸਨਮਾਨ ਵਿੱਚ ਉਹ ਆਪ ਮੁਹਾਰੇ ਕਹਿ ਉਠਿਆ,

"ਹਜ਼ਾਰੋਂ ਸਾਲ ਨਰਗਸ ਆਪਣੀ ਬੇ-ਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"

"ਪ੍ਰਮਾਤਮਾ ਨੇ ਗੁਰੂ ਨਾਨਕ ਸਾਹਿਬ ਦੇ ਰੂਪ ਵਿੱਚ ਭਾਰਤ ਨੂੰ ਇਕ ਹੋਰ ਵਰਦਾਨ ਦਿੱਤਾ ਹੈ, ਜਿਨ੍ਹਾਂ ਵਿੱਚ ਇਕ ਪੈਗ਼ੰਬਰ ਦੇ ਸਾਰੇ ਗੁਣ ਹਨ ਤੇ ਉਹ ਇਕ ਮੁਕੰਮਲ ਤੇ ਕਾਮਲ ਮਹਾਂਪੁਰਸ਼ ਹਨ।"

"ਗੁਰੂ ਸਾਹਿਬ ਦਾ ਇਸ ਸੰਸਾਰ ਵਿੱਚ ਆਗਮਨ ਕਿਸੇ ਵੀ ਲਿਹਾਜ਼ ਨਾਲ ਪੈਗ਼ੰਬਰ ਅਬਰਾਹਮ ਨਾਲੋਂ ਘੱਟ ਮਹੱਤਤਾ ਵਾਲਾ ਨਹੀਂ ਜੋ 5 ਹਜ਼ਾਰ ਸਾਲ ਪਹਿਲਾਂ ਸੰਸਾਰ ਵਿੱਚ ਪਧਾਰੇ ਸਨ।" ਗੁਰੂ ਨਾਨਕ ਸਾਹਿਬ ਪ੍ਰਤੀ ਆਪਣਾ ਸਤਿਕਾਰ ਭੇਂਟ ਕਰਦਿਆਂ ਉਸ ਨੇ ਇਵੇਂ ਕਲਮਬੰਦ ਕੀਤਾ:

"ਫਿਰ ਉਠੀ ਆਖਿਰ ਸਦਾਅ ਤੋਹੀਦ ਕੀ ਪੰਜਾਬ ਸੇ
ਹਿੰਦ ਕੋ ਇੱਕ ਮਰਦ-ਏ ਕਾਮਿਲ ਨੇ ਜਗਾਯਾ ਖ਼ਵਾਬ ਸੇ"

**'ਇਸਲਾਮ ਦੇ ਐਨਸਾਈਕਲੋਪੀਡੀਆ'** ਵਿੱਚ ਸਿੱਖਾਂ ਬਾਰੇ ਲਿਖਣ ਲਗਿਆਂ ਇਕਬਾਲ, ਗੁਰੂ ਨਾਨਕ ਸਾਹਿਬ ਦੀ ਵਡਿਆਈ ਕਰਦਿਆਂ ਲਿਖਦਾ ਹੈ, "ਉਨ੍ਹਾਂ ਨੇ ਦੂਰੋਂ ਨੇੜਿਓਂ ਲੋਕਾਂ ਨੂੰ ਆਪਣੇ ਵੱਲ ਇਸ ਤਰਾਂ ਖਿੱਚਿਆ ਕਿ ਉਹ ਲੋਕੀਂ ਉਨ੍ਹਾਂ ਦੇ ਹੀ ਪ੍ਰੇਮੀ ਬਣ ਕੇ ਰਹਿ ਗਏ। ਉਹ ਬਹੁਤ ਸ਼ਕਤੀਸ਼ਾਲੀ ਚੁੰਬਕੀ ਖਿੱਚ ਦੇ ਸਵਾਮੀ ਹਨ।"

**ਸਈਯਦ ਹਬੀਬ ਸ਼ਾਹ;** *(Editor of Nakash Lahore)*

"ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, **'ਜਪੁਜੀ ਸਾਹਿਬ'** ਤੋਂ ਪਰਭਾਵਿੱਤ ਹੋ ਕੇ **ਉਰਦੂ ਵਿੱਚ ਉਲੱਥਾ** ਕਰਨ ਲੱਗਾ ਤਾਂ **ਸਰ ਮਹੁੰਮਦ ਇਕਬਾਲ ਨੇ ਉਸ ਨੂੰ ਸੰਦੇਸ਼ ਦਿੱਤਾ:**-"ਹਬੀਬ, ਗੁਰੂ ਨਾਨਕ ਸਾਹਿਬ ਦੇ ਜਪੁਜੀ ਦਾ ਉਰਦੂ ਵਿੱਚ ਉਲੱਥਾ ਕਰਨ ਲਗਿਆਂ ਅੱਲਾ ਤੋਂ ਇਹ ਸ਼ਕਤੀ ਮੰਗੀਂ ਕਿ ਤੂੰ ਇਸ ਬਾਣੀ ਨਾਲ ਇਨਸਾਫ ਕਰ ਸਕੇਂ। ਕਿਉਂਕਿ ਜਿਸ ਮਹਾਨ ਰਚਣਹਾਰੇ, ਗੁਰੂ ਨਾਨਕ ਦੇਵ ਜੀ ਨੇ ਇਹ ਬਾਣੀ ਰਚੀ ਹੈ, **ਉਸ ਨੇ ਵਡੇ ਤੋਂ ਵਡੇ ਮੁਸਲਮਾਨ ਨਾਲੋਂ ਵੀ ਵੱਧ ਇਸਲਾਮ ਦੀ ਸੇਵਾ ਕੀਤੀ ਹੈ, ਮੈਨੂੰ ਤਾਂ ਗੁਰੂ ਨਾਨਕ ਸਾਹਿਬ ਵਿਚੋਂ ਇਸਲਾਮੀ ਫਲਸਫੇ ਦੀ ਖੁਸ਼ਬੂ ਆਉਂਦੀ ਪ੍ਰਤੀਤ ਹੁੰਦੀ ਹੈ।"**

ਇਕਬਾਲ ਭਾਵੇਂ ਉਸ ਨੂੰ ਨਾਂ ਵੀ ਸੁਨੇਹਾ ਦਿੰਦਾ, ਇੱਕ ਸਇਯਦ ਹੋਣ ਦੇ ਨਾਤੇ ਉਸਨੇ ਠੀਕ ਉਲਥਾ ਕਰਨਾ ਸੀ। ਕਿਉਂਜੋ ਉਹ ਬੀਬੀ ਫਾਤਮਾ, ਪੁਤਰੀ ਹਜ਼ਰਤ ਮੁਹੰਮਦ ਸਾਹਿਬ ਦੀ ਕੁਲ ਵਿੱਚੋਂ ਸੀ।

**ਰੋਬਟ ਰਸਲ;** (1937-2004 ਇਤਿਹਾਸਕਾਰ)

"ਸੰਸਾਰ ਦੇ ਇਤਿਹਾਸ ਵਿੱਚ ਕੇਵਲ ਗੁਰੂ ਨਾਨਕ ਹੀ ਅਜਿਹਾ ਵਿਅਕਤੀ ਹੈ। ਜਿਸ ਦੀਆਂ ਅੰਤਿਮ ਰਸਮਾਂ ਦੋ ਧਾਰਮਿੱਕ ਰਿਤੀ ਰਿਵਾਜਾਂ ਅਨੁਸਾਰ ਕੀਤੀਆਂ ਗਈਆਂ।"

**ਅਚਾਰਿਆ ਵਿਨੋਬਾ ਭਾਵੇ;** (1895-1982)

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ **ਆਰਤੀ**, 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ' ਕਿਉਂਕਿ ਇਸ ਆਰਤੀ ਵਿਚ ਸਾਰਾ ਸੰਸਾਰ, ਸਾਰਾ ਬ੍ਰਹਿਮੰਡ ਸ਼ਾਮਲ ਹੋ ਜਾਂਦਾ ਹੈ ਇਸ ਲਈ ਇਹ ਆਰਤੀ ਕਿਸੇ ਇਕ ਫਿਰਕੇ ਦੀ ਨਹੀਂ ਸਗੋਂ ਸਾਰੀ ਖਲਕਤ, ਸਾਰੀ ਮਾਨਵਤਾ ਦੀ ਹੈ। ਧੰਨ ਹਨ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਦੀ ਸੋਚ ਇਤਨੀ ਵਿਸ਼ਾਲ ਹੈ। ਇਸ ਮਹਾਨ ਗੁਰੂ ਨੂੰ ਪ੍ਰਣਾਮ।"

**ਰਾਬਿੰਦਰ ਨਾਥ ਟੈਗੋਰ; (1861-1941)** ਨੋਬਿਲ ਪੁਰਸਕਾਰ ਵਿਜੇਤਾ

ਟੈਗੋਰ ਦੀ ਨਜ਼ਰ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ' ਵਾਲੇ ਗੁਰੂ ਨਾਨਕ ਦੇਵ ਜੀ ਨੇ ਅਕਾਲਪੁਰਖ ਦੀ ਸਰਬ ਵਿਆਪੀ ਤੇ ਸਰਬ-ਸ਼ਕਤੀਮਾਨ ਹਸਤੀ ਦੀ ਬਹੁਤ ਹੀ ਵਿਸ਼ਾਲ ਤੇ ਪ੍ਰਸੰਸਾਜਨਕ ਢੰਗ ਨਾਲ ਅਰਾਧਨਾ ਕੀਤੀ ਹੈ। ਇਸ ਆਰਤੀ ਵਾਲੇ ਸ਼ਬਦ ਨੂੰ ਉਹ **ਵਿਸ਼ਵ ਸਾਹਿਤ ਦਾ ਸਭ ਤੋਂ ਉੱਤਮ ਸਿਰਜਿਆ ਕਾਵਿਕ ਟੁਕੜਾ ਮੰਨਦੇ ਹੋਏ** ਬਲਿਹਾਰੇ ਜਾਂਦੇ ਕਹਿੰਦੇ ਹਨ, "ਗੁਰੂ ਨਾਨਕ ਸਾਹਿਬ ਨੇ ਇੱਸ ਨਿੱਕੇ ਜਿਹੇ ਅਲਾਹੀ ਗੀਤ ਵਿੱਚ ਹੀ ਸਾਰੀ ਸ੍ਰਿਸ਼ਟੀ ਨੂੰ ਅਕਾਲਪੁਰਖ ਦੀ ਹੈਰਾਨ ਕਰ ਦੇਣ ਵਾਲੀ ਸ਼ਾਨ ਨਾਲ ਇੱਕ ਸੁਰ ਹੋ ਕੇ ਨਚਦਾ ਟਪਦਾ ਤੇ ਖੇਡਦਾ ਬ੍ਰਹਿਮੰਡ, ਮਨੁੱਖਤਾ ਨੂੰ ਅਰਪਨ ਕੀਤਾ ਹੈ।"

ਟੈਗੋਰ ਦੇ ਦਿਲ ਵਿੱਚ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਸਿੱਖਾਂ ਦੀ ਤਸਵੀਰ ਇਸ ਪ੍ਰਕਾਰ ਉਘੜਦੀ ਹੈ। "ਗੁਰੂ ਨਾਨਕ ਸਾਹਿਬ ਦੇ ਧਾਰਮਿਕ ਉਪਦੇਸ਼ਾਂ ਸਕਦਾ, ਸਿੱਖਾਂ ਦੇ ਹਿਰਦਿਆਂ ਦੀ ਸ਼ਕਤੀ ਵਧੀ, ਉਨ੍ਹਾਂ ਦੇ ਸਿਰ ਉੱਚੇ ਹੋਏ, ਉਨ੍ਹਾਂ ਦੇ ਅਚਾਰ ਵਿੱਚ ਅਤੇ ਚਿਹਰਿਆਂ ਉੱਤੇ ਵਡਪੰਨ ਦੇ ਚਿੰਨ੍ਹ ਦਿਸਣ ਲੱਗ ਪਏ। ਸਿੱਖਾਂ ਦੇ ਪਵਿਤਰ ਅਤੇ ਦਗ਼ ਦਗ਼ ਕਰਦੇ ਸੋਹਣੇ ਮੂੰਹਾਂ ਨੇ, ਉਨ੍ਹਾਂ ਦੀ ਭਰਵੀਂ ਸ਼ਕਤੀ ਅਤੇ ਅਦਭੁਤ ਦਲੇਰੀ ਨੇ ਸਾਨੂੰ ਹੈਰਾਨ ਕਰ ਦਿੱਤਾ ਹੈ।"

**ਮੌਲਵੀ ਅਬਦੁਲ ਕਰੀਮ; (1858-1905)**

"ਗੁਰੂ ਨਾਨਕ ਦੇ ਮੱਤ ਵਿੱਚ ਕਿਸੇ ਦੂਜੇ ਬਾਰੇ ਜ਼ਰਾ ਵੀ ਪੱਖਪਾਤ ਨਹੀਂ ਹੈ। ਇਸ ਲਈ ਦੁਨੀਆਂ ਉਨ੍ਹਾਂ ਦਾ ਸਤਿਕਾਰ ਕਰਦੀ ਹੈ, ਸਿਰ ਝੁਕਾਉਂਦੀ ਹੈ ਤੇ ਉਨ੍ਹਾਂ ਦੀ ਪੱਕੀ ਸ਼ਰਧਾਲੂ ਬਣ ਗਈ ਹੈ।"

"ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੭੧)

**ਸਾਬਕਾ ਅਮਰੀਕਨ ਰਾਸ਼ਟਰਪਤੀ ਬੁਸ਼; (2001-2009)**

"ਬੁਸ਼ ਅਨੁਸਾਰ ਗੁਰੂ ਸਾਹਿਬ ਨੇ ਮਾਨਵਤਾ ਨੂੰ ਨੇਕ ਕਿਰਤ ਕਰਨ ਅਤੇ ਉਸਨੂੰ ਵੰਡ ਕੇ ਛਕਣ ਦਾ ਸ਼ਾਨਦਾਰ ਉਪਦੇਸ਼ ਦਿੱਤਾ ਹੈ। ਸਿੱਖਾਂ ਨੇ ਇਸਨੂੰ ਅਪਣਾ ਕੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਜਿਥੇ ਵੀ ਉਹ ਵੱਸ ਰਹੇ ਹਨ, ਆਪਣੀ ਮਿਹਨਤ ਸਦਕਾ ਸਮਾਜਿੱਕ ਭਾਈਚਾਰੇ ਵਿੱਚ ਅਦੁਤੀ ਨਾਮਣਾ ਖੱਟਿਆ ਹੈ।

**ਬਰਾਕ ਓਬਾਮਾ**; (2009-2017) ਨੇ ਗੁਰੂ ਨਾਨਕ ਦੇਵ ਜੀ ਪ੍ਰਤੀ ਸਤਿਕਾਰਿਤ ਸ਼ਬਦ ਪ੍ਰਗਟਾਏ ਜੋ ਨਵੰਬਰ 2011 ਦੇ ਦੂਜੇ ਹਫ਼ਤੇ ਵਿੱਚ ਅਨੇਕ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਏ ਸਨ।

**ਟਰੰਪ**; (2017-2021) ਨੇ ਵੀ ਗੁਰੂ ਸਾਹਿਬ ਪ੍ਰਤੀ ਅਦੁੱਤੀ ਅਤੇ ਸਤਿਕਾਰਿਤ ਵਿਚਾਰ ਪ੍ਰਗਟਾਏ ਹਨ।

Ex. P.M., U.K. **ਟੋਨੀ ਬਲੇਅਰ** (1997-2007)

ਆਪਣੇ ਵਿਸਾਖੀ 2003 ਤੇ ਦਿੱਤੇ ਗਏ ਸੰਦੇਸ਼ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਵਲੋਂ ਚਲਾਏ ਗਏ ਸਿੱਖ ਧਰਮ ਬਾਰੇ ਵਿਚਾਰ ਪਰਗਟਾਏ ਤੇ ਕਿਹਾ, "ਇੰਗਲੈਂਡ ਵਿੱਚ ਰਹਿੰਦੇ ਸਿੱਖਾਂ ਦੇ ਉਦਮੀ ਸੁਭਾਅ ਸਦਕਾ ਉਨ੍ਹਾਂ ਨੇ ਇਸ ਦੇਸ਼ ਦੇ ਆਰਥਿੱਕ, ਸਾਂਸਕ੍ਰਿਤਿੱਕ ਅਤੇ ਰਾਜਨੀਤਿੱਕ ਜੀਵਨ ਵਿੱਚ ਬਹੁਤ ਹੀ ਉਸਾਰੂ ਯੋਗਦਾਨ ਪਾਇਆ ਹੈ। ਸਿੱਖਾਂ ਦੇ ਧਰਮ ਅਤੇ ਸੰਸਕ੍ਰਿਤੀ ਨੇ ਬਰਤਾਨਵੀ ਸਮਾਜ ਨੂੰ ਵੱਡੀ ਸ਼ਕਤੀ ਅਤੇ ਅਦਭੁਤ ਵਿਚਾਰ ਬਖਸ਼ੇ ਹਨ।"

"ਗੁਰੂ ਨਾਨਕ ਸਾਹਿਬ ਦੇ ਧਰਮ ਦੀਆਂ ਕਈ ਪੁਖਤਾ ਕਦਰਾਂ ਕੀਮਤਾਂ ਅਮਲੀ ਪ੍ਰਗਟਾਵੇ ਵਜੋਂ ਪਰਦਰਸ਼ਿੱਤ ਹੁੰਦੀਆਂ ਹਨ ਜਿਨ੍ਹਾਂ ਤੋਂ ਬਰਾਬਰੀ, ਸਮਾਜਿਕ ਨਿਆਂ, ਸਹਿਨਸ਼ੀਲਤਾ ਅਤੇ ਦੂਜੇ ਧਰਮਾਂ ਪ੍ਰਤੀ ਸਤਿਕਾਰ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਅਤੇ ਸਮੁੱਚਾ ਬਰਤਾਨਵੀ ਭਾਈਚਾਰਾ ਇਨ੍ਹਾਂ ਕਦਰਾਂ ਕੀਮਤਾਂ ਤੋਂ ਆਨੰਦ ਪ੍ਰਾਪਤ ਕਰਦਾ ਹੈ।"

**Ex. U.S. President, ਬਿਲ ਕਲਿੰਟਨ** (1993-2001)

"ਹਰ ਪ੍ਰਿਸ਼ਟ ਭੂਮੀ ਦੇ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਕੇ ਅਤੇ ਉਨ੍ਹਾਂ ਨੂੰ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਨ ਦੀ ਪ੍ਰੇਰਨਾ ਬਖ਼ਸ਼ਕੇ ਗੁਰੂ ਨਾਨਕ ਦੇਵ ਨੇ ਆਪਣੇ ਸ਼ਰਧਾਲੂਆਂ ਨੂੰ ਉਤਸ਼ਾਹਤ ਕੀਤਾ ਕਿ ਉਹ ਦਆ-ਪੂਰਣ ਅਤੇ ਇਨਸਾਫ ਪਸੰਦੀ ਵਾਲੇ ਜੀਵਨ ਦਾ ਨਿਰਮਾਣ ਕਰਨ।"

**ਵੈਟੀਕਨ ਸਿਟੀ ਤੋਂ ਗੁਰੂ ਨਾਨਕ ਸਾਹਿਬ ਪ੍ਰਤੀ ਸ਼ੁਭ ਕਾਮਨਾਵਾਂ ਭਰਿਆ ਸੰਦੇਸ਼:-**

"ਅਸੀਂ 'ਗੁਰੂ ਨਾਨਕ ਸਾਹਿਬ ਦੇ ਸੁਭਾਗੇ ਪ੍ਰਕਾਸ਼ ਪੁਰਬ ਤੇ ਸ਼ੁਭ ਕੰਮਾਂ ਨੂੰ ਬੜ੍ਹਾਵਾ ਦੇਣ ਦੀ ਅਰਦਾਸ ਕਰਦੇ ਹਾਂ।"

ਵੈਟੀਕਨ ਤੋਂ ਅਜਿਹੇ ਖੁਸ਼ਗਵਾਰ ਸੰਦੇਸ਼ ਹਰ ਸਾਲ ਗੁਰੂ ਨਾਨਕ ਪ੍ਰਕਾਸ਼ ਪੁਰਬ ਤੇ ਗੁਰੂ ਸਾਹਿਬ ਨੂੰ ਈਸਾਈ ਵੀਰਾਂ ਵਲੋਂ ਸ਼ਰਧਾਂਜਲੀ ਦਿੱਤੀ ਜਾਂਦੀ ਹੈ।"

(ਸਕੱਤਰ, ਪੋਂਟੀਫੀਕਮ ਕੰਨਸੀਲੀਅਮ ਪ੍ਰੋ ਡਾਇਲੋਗੋ ਇੰਟਰ ਰੀਲੀਜੀਓਨਜ਼)

**ਆਜ਼ਾਦ ਭਾਰਤ ਦੇ ਪ੍ਰਥਮ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ;** (1950-9162)

ਸਿੱਖ ਧਰਮ ਦਾ ਅਧਿਐਨ ਕਰਨ ਤੇ ਉਹ ਬੜੇ ਨਿਝੱਕ ਹੋ ਕੇ ਕਹਿੰਦੇ ਹਨ ਕਿ "ਸਿੱਖ ਗੁਰੂ ਸਾਹਿਬਾਨ ਵੱਡੇ ਦੇਸ਼ ਭਗਤ ਤੇ ਸੁਧਾਰਕ ਹਨ ਉਹ ਕਿਸੇ ਪ੍ਰਤੀ ਵੀ ਮੰਦ ਭਾਵਨਾ ਨਹੀਂ ਚਿਤਵਦੇ।"

"ਗੁਰੂ ਗ੍ਰੰਥ ਸਾਹਿਬ ਜੀ ਸੱਚ-ਮੁੱਚ ਵਿਸ਼ਵ- ਵਿਆਪੀ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਦਾ ਅਤੇ ਪੂਰੀ ਤੀਬਰਤਾ ਨਾਲ ਅਧਿਆਤਮਿੱਕ ਸੱਚ ਦਾ ਮਹਾਨ ਭੰਡਾਰ ਹਨ।"

"ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੨੬)

**"ਇਹ ਵੀ ਗੌਰਵ ਵਾਲੀ ਗੱਲ ਹੈ ਕਿ ਡਾਕਟਰ ਸਾਹਿਬ ਆਪਣੇ ਆਪ ਨੂੰ ਨਾਨਕ ਪੰਥੀ ਅਖਵਾ ਕੇ ਖੁਸ਼ ਹੁੰਦੇ ਸਨ।"**

**ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ-**

(ਸੰਸਾਰ ਪ੍ਰਸਿੱਧ ਦਾਰਸ਼ਨਿਕ) (1962-1967)

"ਗੁਰੂ ਨਾਨਕ ਦੇਵ ਮਾਨਵਤਾ ਦੇ ਮਸ਼ਾਲ ਬਰਦਾਰ (Torch bearer) ਹਨ ਅਤੇ ਅਕਾਲਪੁਰਖ ਵਾਹਿਗੁਰੂ ਦੇ ਸੰਦੇਸ਼ ਵਾਹਕ ਹਨ। ਜਦ ਮਨੁੱਖਤਾ ਆਪਣੀ ਵਿਫਲਤਾ ਬਾਰੇ ਸੁਚੇਤ ਹੋ ਚੁੱਕੀ ਸੀ, ਉਸ ਸਮੇਂ ਗੁਰੂ ਨਾਨਕ ਦੇਵ ਜੀ ਧਰਮ ਤੇ ਮਾਨਤਾ ਦੀ ਭਾਵਨਾ ਨੂੰ ਦੁਬਾਰਾ ਸੁਰਜੀਤ ਕਰਨ ਲਈ ਪ੍ਰਗਟ ਹੋਏ।"

**ਭਾਰਤ ਦੇ ਤੀਜੇ ਰਾਸ਼ਟਰਪਤੀ ਡਾ. ਜ਼ਾਕਰ ਹੁਸੈਨ:**

(1967-1969)

"ਗੁਰੂ ਨਾਨਕ ਦੇਵ ਜੀ ਨੇ ਆਪਣੇ ਜ਼ਮਾਨੇ ਦੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਸਦਕਾ ਉਨ੍ਹਾਂ ਗੱਲਾਂ ਦੀ ਸੋਝੀ ਕਰਾਈ ਜਿੜ੍ਹੀਆਂ ਇਨਸਾਨੀ ਦਿਮਾਗ਼ ਨੂੰ ਰੌਸ਼ਨ ਤੇ ਹਿਰਦਿਆਂ ਨੂੰ ਸਾਫ ਤੇ ਸ਼ੁਧ ਕਰਦੀਆਂ ਹਨ ਅਤੇ ਇਨਸਾਨ ਨੂੰ ਖੁਦਾ ਦਾ ਬੰਦਾ ਬਣਾ ਕੇ ਮਨੁਖਾ ਜੀਵਨ ਨੂੰ ਸਹੀ ਰਸਤੇ ਤੇ ਲਿਆਉਂਦੀਆਂ ਹਨ।"

"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-966)

**ਭਾਰਤ ਦੇ ਦਸਵੇਂ ਰਾਸ਼ਟਰਪਤੀ ਡਾ. ਕੇ.ਆਰ. ਨਰਾਇਨਣ** (1997 -2002)

"ਗੁਰੂ ਨਾਨਕ ਸਾਹਿਬ ਦਾ ਜੀਵਨ ਕਵਿਤਾ, ਸੁੰਦਰਤਾ ਅਤੇ ਸੰਗੀਤ ਨਾਲ ਲਿਬਰੇਜ਼ (ਭਰਿਆ ਹੋਇਆ) ਹੈ। ਮਹਾਨ ਗੁਰੂ ਖੁਦ ਵੀ ਕਵੀ ਸਨ। ਉਨ੍ਹਾਂ ਵਲੋਂ ਰਚੀਆਂ ਗਈਆਂ ਬਾਣੀਆਂ ਸਰਲ, ਖੂਬਸੂਰਤ ਅਤੇ ਉਸਾਰੂ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕੇਵਲ ਸਿੱਖਾਂ ਨੂੰ ਹੀ ਉਤਸ਼ਾਹਤ ਨਹੀਂ ਕੀਤਾ ਸਗੋਂ ਸਮੁੱਚੇ ਸੰਸਾਰ ਭਰ ਦੇ ਸਾਰੇ ਲੋਕਾਂ ਨੂੰ ਭਰਪੂਰ ਉਤਸ਼ਾਹ ਬਖਸ਼ਿਆ ਹੈ।"

"ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਤੇ ਨਿਰਧਾਰਿੱਤ ਸਿੱਖ ਧਰਮ, ਇਕ ਅਜਿਹਾ ਧਰਮ ਹੈ, ਜਿੱਸ ਨੇ ਮਨੁੱਖ ਮਾਤਰ

ਵਿਚੋਂ ਬੁਰਾਈਆਂ ਕੱਢ੍ਹ ਕੇ ਇਸ ਨੂੰ ਸਾਫ ਸੁਥਰਾ ਬਣਾਉਣ ਲਈ ਅਤੇ ਮਨੁੱਖੀ ਭਾਈਚਾਰੇ ਵਿੱਚ ਬਰਾਬਰੀ ਤੇ ਭਰਾਤਰੀ ਭਾਵ ਦੇ ਸੰਕਲਪਾਂ ਨੂੰ ਵਿਕਸਤ ਕਰਨ ਲਈ ਬਹੁਤ ਸਖਤ ਘਾਲਣਾ ਘਾਲੀ ਹੈ।"

**ਭਾਰਤ ਦੇ ਗਿਆਰਵੇਂ ਰਾਸ਼ਟਰਪਤੀ ਅਬਦੁਲ ਕਲਾਮ** (2002-07)

"ਜੇਕਰ ਅਸੀਂ ਗੁਰੂ ਨਾਨਕ ਦੇਵ ਜੀ ਦਾ ਸਰਬ ਸਾਂਝੀਵਾਲਤਾ ਦਾ ਉਪਦੇਸ਼ ਸੱਚੇ ਮਨ ਨਾਲ ਗ੍ਰਹਿਣ ਕਰ ਲਈਏ ਤਾਂ ਇਹ ਵਿਸ਼ਵ ਲਈ ਇੱਕ ਵੱਡੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਸਾਹਿਬ ਦੇ ਉਪਦੇਸ਼ ਸਾਰੇ ਸੰਸਾਰ ਲਈ ਸਦਾ ਹੀ ਲਾਭਕਾਰੀ ਹਨ।"

**ਭਾਰਤ ਦੇ ਭੂਤਪੂਰਵ ਪ੍ਰਧਾਨ ਮੰਤਰੀ ਵਾਜਪਾਈ** (1998-2004)

"ਗੁਰੂ ਸਾਹਿਬ ਦਾ ਅਵਤਾਰ ਧਾਰਨਾ, ਸਮੇਂ ਦੀ ਬਹੁਤ ਵੱਡੀ ਘਟਨਾ ਹੈ। ਉਸ ਸਮੇਂ ਚਾਰੇ ਪਾਸੇ ਜ਼ੁਲਮ ਤੇ ਜ਼ਾਲਮਾਂ ਦਾ ਬੋਲ ਬਾਲਾ ਸੀ ਅਤੇ ਅਜਿਹਾ ਅੰਧਕਾਰ ਛਾਇਆ ਹੋਇਆ ਸੀ ਕਿ ਕਿਸੇ ਨੂੰ ਉਭਰਨ ਦਾ ਰਸਤਾ ਨਹੀਂ ਸੀ ਮਿਲ ਰਿਹਾ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਨਾਜ਼ਕ ਸਮੇਂ ਮਨੁੱਖਤਾ ਦੀ ਨਬਜ਼ ਪਛਾਣੀ ਤੇ ਸਰਬਸਾਂਝਾ ਸੰਦੇਸ਼ ਪਰਦਾਨ ਕਰਕੇ ਸਭ ਨੂੰ ਰੌਸ਼ਨੀ ਦਿਖਾਈ ਤੇ ਅਗਵਾਈ ਬਖ਼ਸ਼ੀ।"

**ਨੋਬਲ ਪੁਰਸਕਾਰ ਜੇਤੂ, ਤਿਬਤੀ ਨੇਤਾ,** ਦਲਾਈ ਲਾਮਾ; 14th (1991-2011)

"ਸੰਸਾਰ ਦੇ ਮਹਹਾਨ ਧਾਰਮਿਕ ਆਗੂਆਂ ਦੇ ਗਗਨ ਮੰਡਲ ਵਿੱਚ ਗੁਰੂ ਨਾਨਕ ਦੇਵ ਜੀ ਆਪਣੀ ਅਦੁੱਤੀ ਜੀਵਨ ਜਾਚ ਸਦਕਾ ਸਭ ਤੋਂ ਵਧ ਚਮਕਣ ਵਾਲੇ ਸਿਤਾਰਿਆਂ ਵਿੱਚੋਂ ਇਕ ਹਨ।"

"ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੩੮੯)

"ਏਸ਼ੀਆ ਮਹਾਂਦੀਪ ਦੇ ਵੱਖ ਵੱਖ ਹਿੱਸਿਆਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਭਿੰਨ ਭਿੰਨ ਨਾਮ, ਉਨ੍ਹਾਂ ਨੂੰ ਸਮੁੱਚੀ ਮਨੁੱਖ ਜਾਤਿ ਦਾ ਸਰਬਵਿਆਪੀ ਗੁਰੂ ਹੋਣ ਦੀ ਮਾਨਤਾ ਪਰਦਾਨ ਕਰਦੇ ਹਨ। ਕਿਸੇ ਵੀ ਹੋਰ ਅਵਤਾਰ ਜਾਂ ਪੈਗੰਬਰ ਨੇ ਆਪਣੇ ਜੀਵਨ ਕਾਲ ਵਿੱਚ ਇਤਨੀ ਸਰਬਵਿਆਪੀ ਮਾਨਤਾ, ਸਤਿਕਾਰ ਤੇ ਇੱਜ਼ਤ ਮਾਣ ਨਹੀਂ ਖੱਟਿਆ ਜਿਤਨਾ ਗੁਰੂ ਨਾਨਕ ਸਾਹਿਬ ਦੇ ਹਿੱਸੇ ਆਇਆ ਹੈ।"

**ਜੈਨ ਮੁਨੀ, ਸ੍ਰੀ ਸੁਸ਼ੀਲ ਕੁਮਾਰ;** (1926-1994)

"ਗੁਰੂ ਨਾਨਕ ਦੇਵ ਜੀ ਅਕਾਲਪੁਰਖ ਵਲੋਂ ਇਸ ਸੰਸਾਰ ਉੱਤੇ ਇਕ ਸ਼ਾਂਤੀ ਦੂਤ ਵਜੋਂ ਭੇਜੇ ਗਏ ਅਤੇ ਉਨ੍ਹਾਂ ਨੇ ਜਗਤ ਜਲੰਦੇ ਨੂੰ ਆਪਣੇ ਅਨੂਠੇ ਬੋਲਾਂ, ਸ਼ਬਦਾਂ ਤੇ ਬਾਣੀ ਨਾਲ ਸ਼ਾਂਤ ਕਰਨ ਵਿੱਚ ਕਾਮਯਾਬੀ ਪ੍ਰਾਪਤ ਕੀਤੀ।"

"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੮੫੩)

**ਡਾ. ਕੇ .ਟੀ. ਐਸ. ਲਾਲਵਾਨੀ;** (1931-A.D.)

"ਮਨੁੱਖਤਾ ਨਾਲ ਸਬੰਧਤ ਕੋਈ ਵੀ ਗੱਲ ਗੁਰੂ ਨਾਨਕ ਤੇ ਉਨ੍ਹਾਂ ਦੇ ਸੁਭਾਅ ਲਈ ਓਪਰੀ ਨਹੀਂ ਹੈ। ਹਰ ਪਰਕਾਰ ਦੇ ਇਨਸਾਨ ਉਨ੍ਹਾਂ ਲਈ ਇਕ ਸਮਾਨ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਨ ਵਿਸ਼ਵਵਿਆਪੀ ਹੈ। ਉਨ੍ਹਾਂ ਦਾ ਸੰਦੇਸ਼ ਨਾ ਕੇਵਲ ਭਾਰਤ ਦੇ ਹਿੰਦੂਆਂ ਤੇ ਮੁਸਲਮਾਨਾਂ ਲਈ ਹੈ ਸਗੋਂ ਉਹ ਤਾਂ ਸਾਰੀ ਮਨੁੱਖਤਾ ਲਈ ਹੈ।"

"ਗੁਰੂ ਸਾਹਿਬ ਦਾ ਆਤਮਿੱਕ ਵਿਗਿਆਨ ਅਜੋਕੀ ਜ਼ਿੰਦਗੀ ਦੀਆਂ ਸਾਰੀਆਂ ਹਾਲਤਾਂ ਵਿੱਚ ਵਿਚਰ ਰਹੀ ਸਾਰੀ ਮੁਨੱਖ ਜਾਤਿ ਲਈ ਬਹੁਤ ਢੁਕਵਾਂ ਹੈ ਅਤੇ ਨਿਮਰਤਾ, ਸ਼ਰਧਾ, ਸਚਾਈ, ਨੇਕ ਨੀਤੀ, ਮਨ ਦੀ ਸ਼ੁਧਤਾ, ਨੇਕ ਕਿਰਤ ਕਮਾਈ, ਵੰਡ ਛਕਣ ਦੀ ਭਾਵਨਾ ਅਤੇ ਆਪਸੀ ਬਰਾਬਰੀ ਉਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਅਤੇ ਨਾਲ ਹੀ ਜਾਤਿ-ਪਾਤਿ, ਫੋਕਟ ਰਸਮਾਂ ਰਿਵਾਜਾਂ, ਵਹਿਮਾਂ ਭਰਮਾਂ ਅਤੇ ਲਿੰਗ ਵਖਰੇਵਿਆਂ ਦਾ **ਡੱਟ ਕੇ ਖੰਡਨ ਕੀਤਾ** ਗਿਆ ਹੈ।"

"ਗੁਰੂ ਸਾਹਿਬ ਅਨੁਸਾਰ, ਤਪ ਸਾਧਨਾ, ਘਰ ਬਾਹਰ ਤਿਆਗ ਕੇ ਜੰਗਲਾਂ ਵਿੱਚ ਚਲਾ ਜਾਣਾ, ਜੀਵ ਬਲੀਆਂ ਚੜ੍ਹਾਉਣਾ, ਬਿਲਕੁਲ ਫਜ਼ੂਲ, ਮੰਤਵਹੀਣ ਤੇ ਬੇਲੋੜੀਆਂ ਕਿਰਿਆਵਾਂ ਹਨ।"

"ਗੁਰੂ ਨਾਨਕ ਨੇ ਅਜਿਹੇ ਧਰਮ ਦਾ ਪਰਚਾਰ ਕੀਤਾ ਜਿਸ ਵਿੱਚ ਮਨੁੱਖ ਸਦਾ ਲਈ ਜੀਵਤ ਰਹਿ ਸਕਦਾ ਹੈ; ਅਜਿਹਾ ਧਰਮ ਜਿੜ੍ਹਾ ਮਨੁੱਖਾ ਜੀਵਨ ਨੂੰ ਚਮਕਾ ਦਿੰਦਾ ਹੈ, ਉਹ ਧਰਮ ਜੋ ਪਿਆਰ ਤੇ ਅਧਾਰਤ ਹੈ; ਸੇਵਾ ਤੇ ਬਲੀਦਾਨ ਜਿਸ ਦੇ ਸੰਗੀ ਸਾਥੀ ਹਨ।"

"ਗੁਰੂ ਨਾਨਕ ਸਾਹਿਬ ਦਾ ਫਲਸਫਾ ਸਾਰੀਆਂ ਕੌਮਾਂ, ਸਾਰੀਆਂ ਨਸਲਾਂ ਅਤੇ ਸਾਰਿਆਂ ਯੁਗਾਂ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ।"

**ਡਾ. ਹੀਰਾ ਲਾਲ ਚੋਪੜਾ;**

"ਗੁਰੂ ਸਾਹਿਬ ਦੇ ਪਰਵਚਨ ਸਭ ਦੀ ਸਾਂਝੀ ਸੰਪਤੀ ਹਨ। ਉਨ੍ਹਾਂ ਨੇ ਵਖਰੇਵਿਆਂ ਅਤੇ ਆਪਸੀ ਝਗੜਿਆਂ ਨੂੰ ਖ਼ਤਮ ਕਰਵਾਇਆ ਅਤੇ ਸਾਰੀਆਂ ਧਿਰਾਂ ਨੂੰ ਪਿਆਰ ਦੇ ਰੰਗ ਵਿੱਚ ਰੰਗਿਆ।" (ਸਿਖਰੀਵੀਊ, ਫਰਵਰੀ 1997)

**ਸ੍ਰੀਮਤੀ ਪੀ. ਐਮ. ਵਯਲਮ;**

ਆਪਣੀ ਪੁਸਤਕ 'An Introduction to Sikh belief' ਵਿੱਚ ਲਿਖਦੀ ਹੈ:-

1. "ਗੁਰੂ ਨਾਨਕ ਦੇਵ ਨੇ ਕੇਵਲ ਇਕ ਸਾਧਾਰਨ ਜਹੀ ਆਸਥਾ ਅਤੇ ਇਕੋ ਸਰਲ ਜਿਹਾ ਧਾਰਮਿੱਕ ਵਰਤਾਰਾ ਦੱਸਿਆ ਹੈ ਜਿਸ ਨੂੰ ਜੇਕਰ ਕੋਈ ਸ਼ਰਧਾਲੂ ਆਪਣੇ ਹਿਰਦੇ ਵਿੱਚ ਵਸਾ ਲਵੇ ਤਾਂ ਉਹ ਆਪਣੇ ਆਪ ਨੂੰ ਸਾਰੀਆਂ ਬੁਰਾਈਆਂ ਤੇ ਲਾਲਚੀ ਖਾਹਿਸ਼ਾਂ ਤੋਂ ਬਚਾ ਸਕਦਾ ਹੈ।"

2. "ਗੁਰੂ ਨਾਨਕ ਦੇਵ ਦੇ ਸੰਦੇਸ਼ ਅਨੁਸਾਰ ਪ੍ਰਮਾਤਮਾ ਸਭ ਦਾ ਪਿਤਾ ਹੈ ਅਤੇ ਸਾਰੇ ਮਨੁੱਖ ਆਪਸ ਵਿੱਚ ਭਰਾ ਭਰਾ ਹਨ। ਇਸ ਲਈ ਸਿੱਖ ਧਰਮ ਵਿੱਚ ਜਾਤ ਪਾਤ, ਨਸਲ, ਕੌਮ, ਰੰਗ, ਬਰਾਦਰੀ ਜਾਂ ਮਰਦ ਔਰਤ ਹੋਣ ਦੇ ਤੱਥ ਨੂੰ ਕੋਈ ਵਜ਼ਨ ਦਿੱਤੇ ਬਗ਼ੈਰ ਸਭ ਦਾ ਸੁਆਗਤ ਹੈ। ਚੰਗੇ ਵਰਗਾਂ ਜਾਂ ਉੱਚੀ ਜਾਤਿ ਵਿੱਚ ਪੈਦਾ ਹੋਏ ਹੋਣ ਕਾਰਨ ਕਿਸੇ ਨੂੰ ਇਸ ਧਰਮ ਵਿੱਚ ਤਰਜੀਹ ਨਹੀਂ ਦਿੱਤੀ ਜਾਂਦੀ।"

3. "ਗੁਰੂ ਨਾਨਕ ਦੇਵ ਦੇ ਧਰਮ ਵਿੱਚ ਸਿਰਫ਼ ਕਥਨੀ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ। ਮਨੁੱਖ ਦੀ ਕਰਨੀ ਤੇ ਸਭ ਕੁਝ ਨਿਰਭਰ ਕਰਦਾ ਹੈ। ਇਸ ਲਈ ਸਿੱਖ ਨੂੰ ਤਾਕੀਦ ਹੈ ਕਿ ਉਹ ਜ਼ਿੰਦਗੀ ਤੋਂ ਸਨਿਆਸ ਨਾ ਲਵੇ, ਸਾਧੂਆਂ, ਫ਼ਕੀਰਾਂ ਵਾਲਾ ਜੀਵਨ ਧਾਰਨ ਨਾ ਕਰੇ ਜਾਂ ਘਰ-ਬਾਹਰ ਛੱਡ ਕੇ ਗ੍ਰਸਤੀ ਜੀਵਨ ਤੋਂ ਦੂਰ ਤਪੱਸਿਆ ਵਿੱਚ ਨਾ ਜੁੱਟੇ ਕਿਉਂਕਿ ਗੁਰੂ ਨਾਨਕ ਸਾਹਿਬ ਨੇ ਫਰਮਾਇਆ ਹੈ ਕਿ ਮਨੁੱਖ ਪ੍ਰਮਾਤਮਾ ਦੀ ਪ੍ਰਾਪਤੀ ਦੁਨੀਆਂ ਵਿੱਚ ਕਰਮਸ਼ੀਲ ਹੋ ਕੇ ਅਤੇ ਆਪਣੀਆਂ ਨਿਤ ਦੀਆਂ ਦੁਨਿਆਵੀ ਡਿਊਟੀਆਂ ਨਿਭਾਅ ਕੇ ਵੀ ਕਰ ਸਕਦਾ ਹੈ।"

**ਵਯਲਮ,** ਸਿੱਖੀ ਤੋਂ ਇਤਨੀ ਜਿਆਦਾ ਪ੍ਰਵਾਵਿਤ ਹੋਈ ਕਿ ਉਸਨੇ ਆਪਣਾ ਸਿੱਖ ਨਾਮ, **ਮੰਨਜੀਤ ਕੌਰ** ਰੱਖ ਲਿਆ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਉਸ ਤੇ ਅਪਾਰ ਬਖਸ਼ਿਸ਼ ਕੀਤੀ।

**ਸੂਰਜ ਭਾਨ,** Ex. V.C. **ਪੰਜਾਬ ਯੂਨੀਵਰਸਿਟੀ;** (1974)

**"ਗੁਰੂ ਨਾਨਕ ਸਾਹਿਬ ਲਈ ਕੋਈ ਦੇਸ਼, ਬਿਗਾਨਾ ਨਹੀਂ ਹੈ ਅਤੇ ਕੋਈ ਵੀ ਮਨੁੱਖ ਓਪਰਾ ਤੇ ਪਰਵਾਸੀ ਨਹੀਂ ਹੈ।"**

**ਮੌਲਵੀ ਗੁਲਾਮ ਅਲੀ:-**

**"ਸਯੱਦ ਪੀਰ ਹੁਸੈਨ"** (ਇਸਲਾਮ ਧਰਮ ਦਾ ਚਿਰਾਗ਼ (ਦੀਵਾ) ਸੀ, "ਕੁਝ ਇਲਮ, ਹੁਨਰ ਤੇ ਹੋਰ ਚੰਗੇ ਚੰਗੇ ਤਰੀਕੇ ਹਨ, ਜਿਨ੍ਹਾਂ ਨੂੰ ਕਮਾਉਣ ਨਾਲ ਪੈਗ਼ੰਬਰੀ ਦਰਜੇ ਨੂੰ ਪਹੁੰਚ ਸਕੀਦਾ ਹੈ, ਉਹ ਅਲੌਕਿਕ ਦੈਵੀ ਗੁਣ ਸਿਵਾਏ ਗੁਰੂ ਨਾਨਕ ਦੇਵ ਦੇ, ਰੱਬ ਨੇ ਹੋਰ ਕਿਸੇ ਨੂੰ ਨਹੀਂ ਦਿੱਤੇ।"

"ਮੈਨੂੰ ਪੂਰਾ ਭਰੋਸਾ ਹੈ ਕਿ ਕਦੇ ਦੋਹਾਂ ਦੀਨਾਂ ਤੋਂ ਦਵੈਤ ਦੂਰ ਹੋ ਕੇ ਇਕ ਸਿੱਖ ਮਜ਼ਹਬ ਹੀ ਹੋ ਜਾਏਗਾ ਕਿਉਂਕਿ

ਨਿਮਾਜ਼, ਰੋਜ਼ਾ, ਸੁਨਤ, ਕਾਬਾ, ਬੁਤ ਪ੍ਰਸਤੀ, ਛੂਹਾ ਛੂਤ, ਜਨੇਊ ਪਾਉਣਾ ਕਿਸੇ ਜ਼ਾਤ ਦੀ ਵਡਿਆਈ, ਨਿੰਦਾ ਆਦਿ ਇਸ ਧਰਮ ਵਿੱਚ ਨਹੀਂ। ਇਸੇ ਵਾਸਤੇ ਇਹ ਫਿਰਕਾ ਸਭ ਨੂੰ ਪਸੰਦ ਹੈ।"(**ਤਵਾਰੀਖ ਗੁਰੂ ਖਾਲਸਾ, ਭਾਗ-2 ਪੰਨਾ-96**)

**ਸਾਧੂ ਟੀ. ਐਲ. ਵਾਸਵਾਨੀ**; (1879-1966)

"ਮੈਂ ਹਮੇਸ਼ਾ ਇਹ ਹੀ ਕਹਿੰਦਾ ਹਾਂ ਕਿ ਜੋ ਮੈਂ ਜਾਣਦਾ ਤੇ ਅਨੁਭਵ ਕਰਦਾ ਹਾਂ ਉਸ ਅਨੁਸਾਰ ਭਾਰਤ ਵਰਸ਼ ਦਾ ਭਵਿਖੀ ਧਰਮ, ਸੇਵਾ ਕਰਨ ਵਾਲਾ ਤੇ ਬਲੀਦਾਨ ਦੇਣ ਵਾਲਾ ਧਰਮ ਹੀ ਹੋਵੇਗਾ। ਹਾਂ, ਗੁਰੂ ਨਾਨਕ ਸਾਹਿਬ ਦੀਆਂ ਪਰਾਰਥਨਾਵਾਂ ਵਿਚੋਂ ਇਕ ਪ੍ਰਾਰਥਨਾ ਇਹ ਵੀ ਹੈ ਕਿ, 'ਪ੍ਰਮਾਤਮਾ ਮੈਂ ਤੇਰੇ ਸਚੇ ਸੁਚੇ ਨਾਮ ਤੋਂ ਕੁਰਬਾਨ ਜਾਂਦਾ ਹਾਂ।" "ਪੂਰਬ ਦੇ ਸਿਆਣੇ ਤੇ ਸੁਜਾਨ ਸਪੁੱਤਰੋ, ਗੁਰੂ ਨਾਨਕ ਦੇਵ ਦੀ ਇਹ ਪ੍ਰਾਰਥਨਾ ਹਮੇਸ਼ਾ ਤੁਹਾਡੇ ਹੋਠਾਂ ਤੇ ਹੋਣੀ ਚਾਹੀਦੀ ਹੈ।"

"ਇਹ ਚੰਗੀ ਤਰ੍ਹਾਂ ਜਾਣ ਲਵੋ ਕਿ ਕੋਈ ਸਭਿਆਚਾਰ ਧਰਮ ਤੋਂ ਬਿਨਾਂ ਟਿਕ ਨਹੀਂ ਸਕਦਾ। ਇਹ ਵੀ ਚੇਤੇ ਰੱਖ ਲਵੋ ਕਿ ਜਿਸ ਦਿਨ ਭਾਰਤ ਨੇ ਅਣਦਿਸਦੇ ਪ੍ਰਭੂ ਨੂੰ ਭੁਲਾ ਦਿੱਤਾ, ਉਹ ਦਿਨ ਕੌਮ ਦੀ ਚਿਤਾ ਬਾਲਣ ਦਾ ਦਿਨ ਹੋਵੇਗਾ। **ਭਾਰਤ ਨੂੰ ਬਚਾਉਣ ਲਈ** ਨਾ ਤਾਂ ਕੋਈ ਖੁਸ਼ੀ, ਤਬਦੀਲੀ ਜਾਂ ਉਤਸ਼ਾਹ ਕੰਮ ਆਵੇਗਾ, ਨਾ ਹੀ ਰਾਜਨੀਤੀ ਦਾ ਜੋਸ਼ ਜਾਂ ਨਫਰਤ ਦਾ ਕੋਈ ਸਲਾਹ ਮਸ਼ਵਰਾ ਹੀ ਸਹਾਈ ਸਿੱਧ ਹੋਵੇਗਾ! **ਜੋ ਚੀਜ਼ ਕੰਮ ਆਵੇਗੀ ਉਹ ਪ੍ਰਮਾਤਮਾ ਦਾ ਪਿਆਰ ਤੇ ਮਾਨਵਤਾ ਨਾਲ ਸਨੇਹ ਦੀ ਭਾਵਨਾ ਹੋਵੇਗੀ ਅਤੇ ਮੇਰੀਆਂ ਥੱਕੀਆਂ ਮੰਦੀਆਂ ਆਸਾਂ- ਉਮੀਦਾਂ ਉਸ ਖੁਸ਼-ਰਹਿਣੇ ਦਿਨ ਨੂੰ ਦੇਖਣ ਦੀ ਤਾਂਘ ਵਿੱਚ ਹਨ, ਜਦ ਭਗਤੀ ਵਾਲੇ ਪਵਿਤਰ ਆਦੇਸ਼ ਸਾਡੇ ਦਿਲਾਂ ਦੇ ਸਿੰਘਾਸਨਾਂ ਤੇ ਫਿਰ ਬਿਰਾਜਮਾਨ ਹੋਣਗੇ।"**

**ਡਾ. ਡੀ. ਕੇ ਤਿਰਪਾਠੀ**;

**"ਟੀਚਿੰਗਜ਼ ਆਫ ਗੁਰੂ ਨਾਨਕ ਦੇਵ"** ਵਿੱਚ ਗੁਰੂ ਸਾਹਿਬ ਦੇ ਮਿਸ਼ਨ ਦੀ ਮਹਾਨਤਾ ਦੱਸਦਾ ਹੈ ਤੇ ਉਨ੍ਹਾਂ ਦੀ ਰਚਨਾ **ਜਪੁਜੀ ਸਾਹਿਬ** ਬਾਰੇ ਲਿਖਦਾ ਹੈ, "ਜੇਕਰ ਜੁਪੁਜੀ ਸਾਹਿਬ ਦਾ ਪਾਠ ਬਾਰ ਬਾਰ ਕੀਤਾ ਜਾਵੇ ਅਤੇ ਇਸ ਦੇ ਅਰਥ ਸਪੱਸ਼ਟ ਤੌਰ ਤੇ ਸਮਝ ਨਾ ਵੀ ਆਉਂਦੀ ਹੋਵੇ ਤਾਂ ਵੀ ਇਹ ਪਾਠ ਅਧਿਆਤਮਿਕ ਸ਼ਕਤੀ ਦਾ ਅਸਰ ਕਰਦਾ ਹੈ।"

"ਜਪਿ ਜਪਿ ਅੰਮ੍ਰਿਤ ਨਾਮੁ ਅਘਾਏ।। ਸੰਤ ਪ੍ਰਸਾਦਿ ਸਗਲ ਫਲ ਪਾਏ।।" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੮੯੫)

**ਪਰਸ ਰਾਮ ਚਤੁਰਵੇਦੀ**; (1894-1979)

**"ਸਿੱਖ ਧਰਮ ਅਰੰਭ ਤੋਂ ਹੀ ਸਿਰਫ ਖ਼ਿਆਲਾਂ ਵਿੱਚ ਵਿਚਰਨ ਵਾਲੀ ਫਿਲਾਸਫੀ ਦਾ ਮੱਤ ਨਾ ਹੋ ਕੇ ਸਰਬ ਸਾਧਾਰਨ ਵਾਸਤੇ ਪਰਸਤੁਤ ਕੀਤਾ ਗਿਆ ਅਸਲੀ ਗਿਆਨ ਖਜ਼ਾਨਾ ਹੈ।** ਇਹ ਇਕ ਸ਼ੁਧ ਵਿਹਾਰਕ ਧਰਮ ਹੈ ਜਿਸਦੀ ਕਮਾਈ ਸਮਾਜ ਵਿੱਚ ਰਹਿ ਕੇ ਹੀ ਕੀਤੀ ਜਾ ਸਕਦੀ ਹੈ। ਇਸੇ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਸੰਸਾਰਕ ਲੋਕਾਂ ਵਿੱਚ ਰਹਿ ਕੇ ਤੇ ਰਚ ਮਿਚ ਕੇ ਜੀਵਨ ਉਪਦੇਸ਼ਾਂ ਦੇ ਪੂਰਨੇ ਪਾਏ ਅਤੇ ਨਾਲ ਹੀ ਆਪਣੇ ਨਿੱਜੀ ਜੀਵਨ ਦਾ ਆਦਰਸ਼ ਵੀ ਸਭ ਦੇ ਸਾਹਮਣੇ ਪੇਸ਼ ਕੀਤਾ ਹੈ।"

"ਸਿੱਖ ਧਰਮ ਅਨੁਸਾਰ ਆਦਰਸ਼ਕ ਵਿਅਕਤੀ ਉਹੀ ਹੋ ਸਕਦਾ ਹੈ ਜਿਸ ਵਿਚ ਬ੍ਰਾਹਮਣਾਂ ਦੀ ਅਧਿਆਤਮਿੱਕ, ਖੱਤਰੀਆਂ ਦੀ ਆਤਮ ਰੱਖਿਆ ਦੀ ਭਾਵਨਾ, ਵੈਸ਼ਾਂ ਦੀ ਵਿਹਾਰਕ ਕੁਸ਼ਲਤਾ ਅਤੇ ਸ਼ੂਦਰਾਂ ਦੀ ਲੋਕ-ਸੇਵਾ ਇਕੋ ਥਾਂ ਮੌਜੂਦ ਹੋਵੇ ਤਾਂ ਜੋ ਆਤਮ ਚਿੰਤਨ ਤੋਂ ਲੈ ਕੇ ਕਠਿਨ ਤੋਂ ਕਠਿਨ ਸੰਸਾਰਕ ਉਲਝਣਾਂ ਤੱਕ ਉਹ ਇਕ ਸਮਾਨ ਤੇ ਨਿਰਪੱਖ ਹੋ ਕੇ ਸਹਿਜ ਅਵਸਥਾ ਵਿੱਚ ਰਹਿ ਸਕੇ।"

**ਸਵਾਮੀ ਆਨੰਦ ਅਚਾਰੀਆ**; (1891-1945)

"ਸ੍ਰੀ ਗੁਰੂ ਨਾਨਕ ਦੇਵ ਜੀ ਸਚਮੁਚ ਭਾਰਤ ਦੇ ਮਹਾਨ ਧਾਰਮਿੱਕ ਸਪੂਤਾਂ ਵਿਚੋਂ ਸ਼ਹਿਜ਼ਾਦੇ ਦਾ ਸਥਾਨ ਰਖਦੇ ਹਨ।"

"ਉਨ੍ਹਾਂ ਦੇ ਪਵਿਤਰ ਸਰੀਰ ਦਾ ਇਕ ਇੱਕ ਕਣ ਅੰਦਰੋਂ ਬਾਹਰੋਂ ਪੁਨੀਤ ਤੇ ਪਵਿਤੱਰ ਹੈ। ਮੁਨੱਖੀ ਹੋਂਦ ਵਿੱਚ ਜੋ ਕੁਝ ਵੀ ਉੱਤਮ ਹੈ ਉਹ ਸਭ ਕੁਝ ਗੁਰੂ ਨਾਨਕ ਸਾਹਿਬ ਦੀ ਹਸਤੀ ਵਿੱਚ ਪੂਰੀ ਤਰਾਂ ਸਮੋਇਆ ਹੋਇਆ ਹੈ।"

**ਸਵਾਮੀ ਵਿਵੇਕਾਨੰਦ;** (1863-1902)

"ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਰਤ ਦੀ ਪਵਿੱਤਰ ਧਰਤੀ ਤੇ ਆਗਮਨ ਹੋਇਆ, ਉਨ੍ਹਾਂ ਨੇ ਸਾਰੇ ਵਿਸ਼ਵ ਲਈ ਪਿਆਰ ਤੇ ਸਨੇਹ ਦਾ ਅਦਭੁਤ ਸੁਨੇਹਾ ਦਿੱਤਾ ਤੇ ਉਸ ਨੂੰ ਪਰਚਾਰਿਆ। ਉਨ੍ਹਾਂ ਦੀਆਂ ਬਾਹਵਾਂ ਸਾਰੇ ਜਗਤ ਨੂੰ ਆਪਣੀ ਗਲਵਕੜੀ ਵਿੱਚ ਲੈਣ ਹਿੱਤ ਫੈਲ ਗਈਆਂ। ਉਨ੍ਹਾਂ ਦੇ ਦਿਲ ਵਿੱਚ ਹਿੰਦੂ ਮੁਸਲਮਾਨ ਲਈ ਕੋਈ ਫਰਕ ਨਹੀਂ ਹੈ। ਉਹ ਸਭ ਦੇ ਸਾਂਝੇ ਹਨ। ਉਹ ਤਾਂ ਸਮੁੱਚੀ ਮਨੁੱਖ ਜਾਤਿ ਦੇ ਅਸਲ ਗੁਰੂ ਹਨ।" (*The Complete works of Swami Vivekananda' Vol. III Page 366*)

**ਡੇਵਡ ਬੀ. ਹਾਰਨਡ;** (1932-2017)

"ਕਈ ਸਦੀਆਂ ਬੀਤ ਜਾਣ ਤੇ ਵੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਇਵੇਂ ਲਗਦੀਆਂ ਹਨ ਜਿਵੇਂ ਅੱਜ ਦੇ ਜ਼ਮਾਨੇ ਦੀਆਂ ਹੋਣ।" (***Spokesman Magazine's Silver Jubilee November 1976, page 30-31***)

**ਮਦਨ ਜੀ ਗਾਂਧੀ;**

"ਗੁਰੂ ਨਾਨਕ ਸਾਹਿਬ ਜੀ ਦੀ ਬਾਣੀ, **ਜਪੁਜੀ ਸਾਹਿਬ,** ਮਨੁੱਖ ਨੂੰ ਜੀਵਨ-ਜਾਚ ਸਖਾਉਂਦੀ ਹੈ, ਕੰਵਲ ਦੇ ਫੁੱਲ ਵਰਗਾ ਜੀਵਨ ਪ੍ਰਦਾਨ ਕਰਦੀ ਹੈ। ਹਰ ਪੱਖੋਂ ਸੰਪੂਰਣ ਜੀਵਨ ਜੀਣ ਦੀ ਕਲਾ ਹੈ **'ਜਪੁਜੀ ਸਾਹਿਬ'।** ਅਜਿਹਾ ਬਾ-ਕਮਾਲ ਜੀਵਨ ਜਿੜ੍ਹਾ ਨੇਕ ਜਜ਼ਬਿਆਂ ਅਤੇ ਪ੍ਰਮਾਤਮਾਂ ਦੇ ਸਤਿਕਾਰ ਬਾਰੇ ਸ਼ਰਧਾ ਭਾਵਨਾ ਨਾਲ ਲਬਰੇਜ਼ (ਨੱਕੋ ਨੱਕ ਭਰਿਆ) ਹੋਵੇ। ਜਪੁਜੀ ਸਾਹਿਬ ਦੀ ਪਵਿੱਤਰ ਬਾਣੀ ਪਰਕਾਸ਼ਮਾਨ ਜੀਵਨ ਬਖ਼ਸ਼ਦੀ ਹੈ, ਜਿਸ ਵਿੱਚੋਂ ਪ੍ਰੇਮ ਪਿਆਰ ਅਤੇ ਨਿਸ਼ਕਾਮ ਸੇਵਾ ਉਮਡਦੀ ਹੈ ਅਤੇ ਔਖਿਆਈਆਂ, ਮੁਸੀਬਤਾਂ ਅਤੇ ਖਤਰਿਆਂ ਵਿੱਚ ਵਿਚਰਦੇ ਹੋਏ ਵੀ ਸਾਨੂੰ ਅਜਿਹਾ ਸ਼ਕਤੀਸ਼ਾਲੀ ਜੀਵਨ ਪ੍ਰਦਾਨ ਕਰਦੀ ਹੈ ਜਿਹੜਾ ਚੰਗੀਆਂ ਕੀਮਤਾਂ ਕਦਰਾਂ ਨਾਲ ਜਗ-ਮਗ ਹੁੰਦਾ ਹੈ। ਇਹ ਬਾਣੀ ਅਕਾਲਪੁਰਖ ਦਾ ਮਾਨਵਤਾ ਨੂੰ ਵਡਮੁੱਲਾ ਤੋਹਫ਼ਾ ਹੈ।" (*Guru Nanak's Japuji, The celestial Ladder Page 34*)

"ਗ਼ੈਰ-ਸਿੱਖ ਸਨੇਹੀ ਸਜਣਾਂ ਵਲੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਉਪਮਾ ਵਿੱਚ ਉਚਾਰੇ ਬਚਨਾਂ ਤੋਂ ਗੁਰੂ ਸਾਹਿਬ ਜੀ ਦਾ ਜੋ ਵਿਅਕਤੀਤਵ ਤੇ ਸ਼ਾਨ ਉਘੜ ਕੇ ਸਾਹਮਣੇ ਆਉਂਦੀ ਹੈ, ਨਿਰਸੰਦੇਹ ਉਸ ਦਾ ਸਾਨੀ ਇਸ ਸੰਸਾਰ ਵਿੱਚ ਕੋਈ ਨਹੀਂ ਹੈ, ਇਹ ਸਿਫਤ-ਤੇ-ਸਲਾਹ ਗੁਰੂ ਨਾਨਕ ਦੇਵ ਜੀ ਦੇ ਹਿਸੇ ਹੀ ਆਈ ਹੈ।"

**ਇਤਿਹਾਸਕਾਰ, ਜੇ. ਮੈਲਕਮ;** (1812)

"ਗੁਰੂ ਨਾਨਕ ਨੇ ਸਖਤ ਤੇ ਕੁਰੱਖਤ ਤਤਾਂ ਨੂੰ ਆਪਸ ਵਿਚ ਬਾਖੂਬੀ ਜੋੜਿਆ ਹੈ।"

"ਗੁਰੂ ਸਾਹਿਬ ਦੀ ਇਕ ਤਕਣੀ, ਇਕ ਨਿਰਮਲ ਮੁਸਕਾਨ, ਉਨ੍ਹਾਂ ਦੇ ਸੰਪਰਕ ਵਿੱਚ ਆਇਆਂ ਦੇ ਪਾਪਾਂ ਦਾ ਨਿਵਾਰਨ ਕਰਨ ਦੀ ਸ਼ਕਤੀ ਰਖਦੀ ਹੈ। ਉਨ੍ਹਾਂ ਦੇ ਦਰਸ਼ਨਾਂ ਨਾਲ ਹਿਰਦਾ ਸ਼ੁਧ ਹੋ ਜਾਂਦਾ ਹੈ ਅਤੇ ਮਨ ਦੀਆਂ ਧੁੰਦਾਂ ਮਿਟ ਜਾਂਦੀਆਂ ਹਨ।"

**ਮਰਾਠੀ, ਮਾਹੀ ਪਾਤੀਸ** (ਰੂਹਾਨੀ ਕਵੀ- 1733)

"ਦੁਨੀਆਂ ਨੂੰ ਗੁਰੂ ਨਾਨਕ ਸਾਹਿਬ ਅਗੇ ਆਪਣੀ ਦੇਣਦਾਰੀ ਪ੍ਰਗਟਾਉਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਆਪਣੀ ਲੰਮੀ ਨਦਰ ਨਿਹਾਲ ਸਦਕਾ 'ਸਭ ਲਈ ਰਾਹ ਖੋਹਲੇ ਹਨ।' ਉਨ੍ਹਾਂ ਨੇ ਸੱਚ, ਨੇਕੀ, ਨਿਮਰਤਾ, ਸੁਹਿਰਦਤਾ ਅਤੇ ਸਵੈ-ਮਾਣਤਾ ਦੇ ਗੁਣਾਂ ਦਾ ਪਸਾਰਾ ਕਰਨ ਲਈ ਆਪਣੀ ਪੂਰੀ ਵਾਹ ਲਾਈ ਹੈ ਅਤੇ ਸਫਲ ਹੋਏ ਹਨ।"

"ਢੌਂਗ, ਫਰੇਬ, ਕਪਟ, ਈਰਖਾ, ਵੈਰ, ਵਿਰੋਧ, ਸਾੜਾ, ਦਵੈਸ਼, ਮਾਰ ਧਾੜ ਦੀ ਸੋਚ ਨੂੰ ਨਿਰਬਲ ਕਰਨ ਦੇ ਠੋਸ ਉਪਰਾਲੇ ਕੀਤੇ ਅਤੇ ਸੱਚੇ ਸੁੱਚੇ ਗਿਆਨ ਦਾ ਸੂਰਜ ਚਾੜ੍ਹਿਆ। **'ਗੁਰੂ ਸਾਹਿਬ ਨਿਰਾ ਨੂਰ ਹਨ'**, ਉਨ੍ਹਾਂ ਦੀ ਹਸਤੀ ਦਾ ਪ੍ਰਤਾਪ ਹੀ ਕੁਝ ਵਖਰਾ ਤੇ ਅਤਿਅੰਤ ਪ੍ਰਭਾਵਸ਼ਾਲੀ ਹੈ।' (ਭਗਤ ਲੀਲਾਮ੍ਰਿਤ)

**ਅਰਨੋਲਡ ਟਰੰਪ;**

"ਗੁਰੂ ਨਾਨਕ ਦੇਵ ਜੀ ਚੁੱਪ ਨਾ ਰਹਿ ਸਕਣ ਵਾਲੀ ਅਨੁਭਵੀ ਆਤਮਾ ਹਨ। ਗੁਰੂ ਸਾਹਿਬ ਦੀ ਆਤਮਾ ਉਤਨੀ ਦੇਰ ਤੱਕ ਸ਼ਾਂਤ ਨਾ ਹੋਈ ਜਦ ਤੱਕ ਉਨ੍ਹਾਂ ਨੇ ਬਾਬਰ ਨੂੰ ਇਹ ਅਹਿਸਾਸ ਨਹੀਂ ਕਰਵਾ ਦਿੱਤਾ ਕਿ ਉਹ ਆਚਰਨ ਹੀਨ ਬਦ-ਇਖਲਾਕੀ ਅਤੇ ਧਕੜਸ਼ਾਹੀ ਨੂੰ ਅਧਾਰ ਬਣਾ ਕੇ ਭਾਰਤ ਦਾ ਬੇਹਦ ਨੁਕਸਾਨ ਕਰਨ ਦਾ ਕਸੂਰਵਾਰ ਹੈਂ।"

"ਗੁਰੂ ਨਾਨਕ ਵਡੇ ਇਖਲਾਕੀ ਹੌਸਲੇ ਵਾਲੇ ਹਨ।"

"ਗੁਰੂ ਸਾਹਿਬ ਨੇ ਉਨ੍ਹਾਂ ਲੋਕਾਂ ਨੂੰ ਇਕੱਠਾ ਕਰ ਵਖਾਇਆ ਜੋ ਇਕ ਦੂਜੇ ਦੇ ਪ੍ਰਛਾਵੇਂ ਨੂੰ ਵੀ ਬਰਦਾਸ਼ਤ ਨਹੀਂ ਸਨ ਕਰਦੇ।"

**ਗਿਆਨੀ ਗਿਆਨ ਸਿੰਘ;** (1822-1921)

ਆਪਣੀ ਪੁਸਤਕ ਤਵਾਰੀਖ ਗੁਰੂ ਖਾਲਸਾ ਵਿੱਚ ਲਿਖਦਾ ਹੈ:-

"ਤੁਰਕਾਂ ਦੀ ਜ਼ੁਲਮ ਦੀ ਅੱਗ ਵਿੱਚ ਸੜਦੀ ਹੋਈ ਹਿੰਦੁਸਤਾਨੀਅਤ ਉਤੇ ਸਤਿਨਾਮੁ ਦਾ ਚੰਦਨ ਛਿੜਕ ਕੇ ਗੁਰੂ ਨਾਨਕ ਸਾਹਿਬ ਨੇ ਉੱਸ ਨੂੰ ਸੀਤਲ ਕਰ ਵਿਖਾਇਆ।"

**ਜੇ.ਆਰ.ਨਦੀਮ ਕਾਸ਼ਟ;**

"ਗੁਰੂ ਨਾਨਕ ਸਾਹਿਬ ਦੀ ਹਸਤੀ ਕਈ ਸੌ ਸਾਲ ਗੁਜ਼ਰ ਜਾਣ 'ਤੇ ਵੀ ਹਰ ਮਨੁੱਖ ਉੱਤੇ ਤੇ ਲਾਜਵਾਬ ਖਿੱਚ ਪਾਉਂਦੀ ਹੈ। ਗੁਰੂ ਸਾਹਿਬ ਨੇ ਤਾਂ ਡਿਗਿਆਂ ਹੋਇਆਂ ਨੂੰ ਵੀ ਖੜ੍ਹਾ ਕਰ ਦਿਤਾ ਹੈ।"

**ਜੇ.ਡੀ.ਕਨਿੰਘਮ;** (1812-1851)

**'ਗੁਰੂ ਨਾਨਕ ਵਿੱਚ ਪ੍ਰਮਾਤਮਾ ਆਪ ਬੋਲਦਾ ਹੈ।"**

**ਮੁਹੰਮਦ ਲਤੀਫ;** (1891)

**"ਵੱਡੀ ਕਾਮਯਾਬੀ ਹਨ ਗੁਰੂ ਨਾਨਕ।"**

**ਪ੍ਰੋ. ਪੂਰਨ ਸਿੰਘ;** (181-1931) ਸਤਿਗੁਰਾਂ ਦੀ ਅਨੋਖੀ ਸ਼ਖਸੀਅਤ ਬਾਰੇ ਸ਼ਰਧਾ ਭਾਵਨਾ ਵਿੱਚ ਕਹਿੰਦਾ ਹੈ! "ਗੁਰੂ ਸਾਹਿਬ ਅਜਿਹੇ ਸੰਤ ਪੁਰਸ਼ ਹਨ ਜਿਨ੍ਹਾਂ ਦਾ ਨਾਮ ਕਾਗਜ਼ 'ਤੇ ਲਿਖਣ ਨਾਲ ਕਾਗਜ਼ ਪਵਿੱਤਰ ਅਤੇ ਮਹਿਕਦਾਰ ਬਣ ਜਾਂਦਾ ਹੈ।"

"ਗੁਰੂ ਸਾਹਿਬ ਦੀ ਰੱਬੀ, ਨੂਰਾਨੀ ਸ਼ਖਸੀਅਤ ਅਤੇ ਉਨ੍ਹਾਂ ਦੇ ਸ਼ਾਇਰਾਨਾ ਬਾ-ਕਮਾਲ ਗੁਣਵਾ ਵਿਅਕਤਿੱਤਵ ਬਾਰੇ ਜੋ ਕੁਝ ਵੀ ਲਿਖਿਆ ਜਾਵੇ, ਉਹ ਕਿਸੇ ਹਾਲਤ ਵਿੱਚ ਵੀ ਪੂਰਾ ਨਹੀਂ ਸਮਝਿਆ ਜਾ ਸਕਦਾ। ਉਨ੍ਹਾਂ ਦੀ ਮੁੱਠੀ ਵਿੱਚ ਤਾਂ ਤਿੰਨਾਂ ਜਹਾਨਾਂ ਦੀਆਂ ਰਹਿਮਤਾਂ ਹਨ। ਉਨ੍ਹਾਂ ਦੀ ਸ਼ਰਨ ਵਿੱਚ ਪਿਆਂ ਹਲਤ ਪਲਤ ਸੰਵਰ ਜਾਂਦੇ ਹਨ।"

**ਪ੍ਰ: ਪੂਰਨ ਸਿੰਘ ਦਾ ਕਥਨ ਹੈ:-**


"ਸਾਨੂੰ ਆਪਣੀ ਸ਼ਰਨ ਵਿੱਚ ਰੱਖ ਨਾਨਕਾ
ਤੈਥੋਂ ਬਿਨਾਂ ਅਸੀਂ ਗਲੀਆਂ ਦੇ ਕੱਖ ਨਾਨਕਾ।।"

ਅਤੇ

**"ਪੰਜਾਬ ਜੀਂਦਾ ਗੁਰਾਂ ਦੇ ਨਾਮ ਤੇ"**

10 ਮਈ 2022
ਚੰਡੀਗੜ੍ਹ

ਡਾ. ਗੁਰਚਰਨ ਸਿੰਘ
ਚੇਅਰਮੈਨ,
**Email:gsandhu@live.in**
ਸ੍ਰੀ ਗੁਰੂ ਨਾਨਕ ਦੇਵ ਜੀ ਇੰਟਰ ਰਿਲੀਜੀਅਸ ਫਾਉਂਡੇਸ਼ਨ,
ਚੰਡੀਗੜ੍ਹ
**(web.: gurunanakfoundation.info)**



ਸ੍ਰੀ ਗੁਰੂ ਅੰਗਦ ਦੇਵ ਜੀ ਬੱਚਿਆਂ ਨੂੰ ਗੁਰਮੁੱਖੀ ਲਿਪੀ ਦਾ ਗਿਆਨ ਦਿੰਦੇ ਹੋਏ
(ਖਡੂਰ ਸਾਹਿਬ)

# ਮੂਲ ਲੇਖਕ

ਮੇਰਾ ਜਨਮ ਸੰਨ 1945 ਨੂੰ ਅੰਮ੍ਰਿਤਧਾਰੀ ਗੁਰਸਿੱਖ ਘਰਾਣੇ ਵਿੱਚ ਪਿਸ਼ਾਵਰ ਨਗਰ, (ਪਾਕਿਸਤਾਨ) ਵਿੱਚ ਹੋਇਆ। ਦੇਸ਼ ਦੀ ਵੰਡ ਸਮੇਂ ਮੇਰੇ ਮਾਪੇ ਡੇਹਰਾਦੂਨ (ਉਤਰਾ ਖੰਡ) ਵਿੱਚ ਆ ਵਸੇ। ਮੇਰੇ ਪਿਤਾ ਜੀ ਬਚਪਨ ਵਿੱਚ ਹਰ ਰੋਜ ਸੌਣ ਸਮੇਂ ਗੁਰੂ ਘਰ ਦੀਆਂ ਸਾਖੀਆਂ ਸੁਣਾਉਂਦੇ ਹੁੰਦੇ ਸਨ ਅਤੇ ਮਾਤਾ ਜੀ ਵੀ ਲਾਈਬਰੇਰੀ ਵਿੱਚੋਂ ਪੋਥੀਆਂ ਲਿਆ ਕੇ ਸਾਰੇ ਬੱਚਿਆਂ ਨੂੰ ਗੁਰੂ ਇਤਿਹਾਸ ਸੁਣਾਉਂਦੇ ਰਹਿੰਦੇ ਸਨ। ਜਦੋਂ ਮੈਂ ਪੰਜਵੀਂ ਕਲਾਸ ਵਿੱਚ ਪੜਦਾ ਸੀ ਤਾਂ ਮਾਤਾ ਜੀ ਕੋਲੋਂ ਸੁਣੀਆਂ, ਭਾਈ ਬਾਲੇ ਵਾਲੀ ਜਨਮਸਾਖੀ ਦੀਆਂ ਕੁਝ ਸਾਖੀਆਂ ਮੈਨੂੰ ਸਿੱਖੀ ਸਿਧਾਂਤਾਂ ਦੇ ਉਲਟ ਲਗੀਆਂ। ਕਿਉਂਕਿ ਉਹ ਅਲਫਲੈਲਾ ਵਰਗੀਆਂ ਕਹਾਣੀਆਂ ਸਨ।

ਇੱਸ ਘਟਨਾ ਨੇ ਮੇਰੇ ਮਨ ਵਿੱਚ ਦੁਬਿਧਾ ਪਾ ਦਿੱਤੀ। ਮੈਂ ਸੋਚਣ ਲੱਗਾ ਕਿ ਇਹ ਅਵਿਗਿਆਨਿਕ ਤੇ ਅਣਹੋਣੀਆਂ ਗੱਲਾਂ ਸਿੱਖੀ ਸਿਧਾਂਤਾਂ ਨੂੰ ਝੂਠਾ ਸਾਬਤ ਕਰਦੀਆਂ ਹਨ ਅਤੇ ਗੁਰੂ ਘਰ ਦੀ ਮਰਿਆਦਾ ਨੂੰ ਖੋਰਾ ਲਗਾਉਂਦੀਆਂ ਹਨ।

ਉਧਾਰਣ ਵਝੋਂ-ਇੱਕ ਸਾਖੀ ਇੱਸ ਤਰਾਂ ਹੈ, "ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਉੱਪਰ ਚੜ੍ਹ ਰਹੇ ਸਨ, ਉਹ ਕਈ ਪੁਰੀਆਂ; ਧਰੂਹ, ਪ੍ਰਹਿਲਾਦ, ਵਿਸ਼ਨੂੰ ਆਦਿ ਤੋਂ ਹੁੰਦੇ ਹੋਏ ਕਈ ਹਜਾਰ ਜੋਜਨ ਉੱਪਰ ਚੜ੍ਹ ਗਏ। ਭਾਈ ਮਰਦਾਨਾ ਜੀ ਨੇ ਪੁਛਿਆ, ਗੁਰੂਦੇਵ! ਸੂਰਜ ਕਿਤੇ ਨਜ਼ਰ ਨਹੀਂ ਆਉਂਦਾ। ਗੁਰੂਦੇਵ ਜੀ ਨੇ ਆਖਿਆ, "ਭਾਈ ਜੀ ਤੁਸੀਂ ਹੇਠਾਂ ਵੇਖੋ। ਸੂਰਜ ਤਾਂ ਹੇਠਾਂ ਰਹਿ ਗਿਆ ਹੈ।" ਅਜਿਹੀਆਂ ਹੋਰ ਵੀ ਸਾਖੀਆਂ ਉੱਸ ਜਨਮਸਾਖੀ ਵਿੱਚ ਹਨ। ਜੋ ਕਾਦਰ ਦੀ ਕੁਦਰਤ ਦੇ ਉਲਟ ਹਨ। ਜਿਨ੍ਹਾਂ ਨੂੰ ਸੋਧਣ ਦੀ ਲੋੜ ਹੈ।

ਜਦੋਂ ਮੈਂ ਦਸਵੀਂ ਕਲਾਸ ਵਿੱਚ ਪੜਦਾ ਸਾਂ ਤਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼- ਪੁਰਬ ਮੌਕੇ ਇੱਕ ਸੁਝਵਾਨ ਸਿੰਘ ਨੇ ਗੁਰਦਵਾਰੇ ਦੇ ਪਬੰਧਕਾਂ ਪਾਸੋਂ ਬੋਲਣ ਦਾ ਸਮਾਂ ਲਿਆ ਅਤੇ ਉੱਸ ਨੇ ਅਪਣੇ ਮਨ ਦਾ ਦਰਦ ਸੰਗਤਾਂ ਦੇ ਸਨਮੁੱਖ ਰੱਖਿਆ ਕਿ ਉਹ 'ਹੈਵੀ ਇਲੈਕਟ੍ਰੀਕਲ ਫੈਕਟਰੀ' ਵਿੱਚ ਕੰਮ ਕਰਦਾ ਹੈ। ਉੱਸ ਨੇ ਦੱਸਿਆ ਕਿ ਫੈਕਟਰੀ ਵਿੱਚ ਗੁਰੂ ਨਾਨਕ ਪਾਤਿਸ਼ਾਹ ਦਾ ਪੁਰਬ ਮਨਾਇਆ ਗਿਆ। ਇਤਫਾਕ ਨਾਲ ਉਨ੍ਹੀਂ ਦਿਨੀਂ ਕੁਝ ਵਿਦੇਸ਼ੀ ਇੰਜੀਨੀਅਰ ਵੀ ਫੈਕਟਰੀ ਵਿੱਚ ਆਏ ਹੋਏ ਸਨ। ਉਨ੍ਹਾਂ ਸਾਰਾ ਸਮਾਗਮ ਵੇਖਿਆ/ ਸੁਣਿਆਂ। ਉਹ ਸਾਡੇ ਸੇਵਾ ਭਾਵ ਤੋਂ ਬਹੁਤ ਪ੍ਰਭਾਵਿੱਤ ਹੋਏ।



ਵਾਪਸ ਜਾਂਦਿਆਂ ਉਨ੍ਹਾਂ ਸਾਡੇ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ ਮੰਗਿਆ। ਅਸਾਂ ਸਾਰੀਆਂ ਲਇਬਰੇਰੀਆਂ ਫਰੋਲ ਮਾਰੀਆਂ ਪਰ ਕਿਤੇ ਵੀ ਉਨ੍ਹਾਂ ਨੂੰ ਦੇਣ ਯੋਗ ਵਿਗਿਆਨਿਕ ਢੰਗ ਦਾ ਗੁਰੂਦੇਵ ਜੀ ਦਾ ਜੀਵਨ ਬਿਰਤਾਂਤ ਨਾ ਮਿਲਿਆ। ਅਸਾਂ ਉਨ੍ਹਾਂ ਪਾਸੋਂ ਖ਼ਿਮਾ ਮੰਗੀ।

ਉਹ ਜਾਂਦਿਆਂ-ਜਾਂਦਿਆਂ ਇੱਕ ਮਿਹਣਾ ਮਾਰ ਗਏ ਕਿ ਇਤਨੇ ਵਡੇ ਸਮਾਗਮ ਕਰਦੇ ਹੋ ਪਰ ਤੁਸਾਂ ਪਾਸ ਆਪਣੇ ਗੁਰੂਦੇਵ ਜੀ ਦੀ ਜੀਵਨ ਲੀਲਾ ਦਾ ਇਤਿਹਾਸ ਵੀ ਨਹੀਂ ਹੈ, ਜੋ ਕਿਸੇ ਵਿਦੇਸ਼ੀ ਨੂੰ ਜਾਣਕਾਰੀ ਵਝੋਂ ਦਿੱਤਾ ਜਾ ਸਕੇ?

ਇਹ ਸੁਣ ਕੇ ਮੈਂ ਆਪਣੇ ਆਪ ਵਿੱਚ ਬਹੁਤ ਕਲਪਿਆ ਅਤੇ ਮਨ ਹੀ ਮਨ ਸੋਚਣ ਲੱਗਾ ਕਿ ਇਹ ਕਾਰਜ ਮੈਨੂੰ ਆਪ ਕਰਨਾ ਚਾਹੀਦਾ ਹੈ। ਭਾਵੇਂ ਮੈਂ ਉੱਸ ਸਮੇਂ ਇੱਕ ਵਿਦਿਆਰਥੀ ਸੀ। ਫਿਰ ਵੀ ਮੈਂ ਇਹ ਪਰਤਿੱਗਿਆ ਕੀਤੀ ਕਿ ਜਦੋਂ ਵੀ ਸਮਾਂ ਮਿਲਿਆ ਗੁਰੂਦੇਵ ਦਾ ਜੀਵਨ ਬਿਰਤਾਂਤ ਅਤਿ ਅਧੁਨਿੱਕ ਢੰਗ ਨਾਲ ਲਿੱਖ ਕੇ ਸਿੱਖ ਜਗਤ ਦੇ ਸਨਮੁੱਖ ਕਰਾਂਗਾ।

ਵਿਦਿਆ ਪ੍ਰਾਪਤ ਕਰਨ ਉਪ੍ਰੰਤ ਮੈਂ ਫੌਜ ਦੀ ਨੌਕਰੀ ਕਰ ਲਈ ।ਇੱਸ ਲਈ ਇਹ ਕਾਰਜ ਫੀਲਡ ਵਿੱਚ ਸੰਭਵ ਨਾ ਹੋ ਸਕਿਆ। ਪ੍ਰੰਤੂ ਮੇਰਾ ਮਨ ਗੁਰੂਦੇਵ ਦੀਆਂ ਪ੍ਰਚਾਰਫੇਰੀਆਂ ਵਾਲੇ ਤੀਰਥ ਅਸਥਾਨਾਂ ਨੂੰ ਖੋਜਦਾ ਰਹਿੰਦਾ ਸੀ।

ਹਿਸਟੋਰੀਅਨ ਕਰਮ ਸਿੰਘ ਜੀ ਦੀ ਲਿੱਖੀ ਪੁਸਤਕ "ਕੱਤਕ ਕਿ ਵਿਸਾਖ" ਮੇਰੇ ਹੱਥ ਲੱਗੀ। ਉਨ੍ਹਾਂ ਨੇ ਪੁਰਾਤਨ ਜਨਮਸਾਖੀਆਂ ਵਿੱਚ 15 ਕਿਸਮ ਦੀਆਂ ਗਲਤੀਆਂ ਦਾ ਵਰਨਣ ਕੀਤਾ ਹੋਇਆ ਹੈ। ਉਹ ਪੁਸਤਕ ਮੇਰੇ ਮਨ ਦੀ ਮੁਰਾਦ ਪੂਰੀ ਕਰਨ ਵਿੱਚ ਸਹਾਈ ਹੋਈ।

ਸੰਨ 1969 ਈ: ਵਿੱਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਦਿਹਾੜੇ ਸਮੇਂ ਸਿੱਖ ਜਗਤ ਨੇ ਗੂੜ੍ਹੀ ਨੀਦ

ਵਿੱਚੋਂ ਅੰਗੜਾਈ ਲਈ। ਬਹੁਤ ਸਾਰਾ ਸਾਹਿਤ ਗੁਰੁਦੇਵ ਜੀ ਦੇ ਜੀਵਨ ਬਾਰੇ ਸਿਰਜਿਆ ਗਿਆ।

ਭਾਸ਼ਾ ਵਿਭਾਗ ਨੇ 'ਜਨਮਸਾਖੀ ਪ੍ਰੰਪਰਾ' ਨਾਂ ਦੀ ਇੱਕ ਪੁਸਤਕ ਛਾਪੀ ਜੋ ਸਿੱਖ ਜਗਤ ਦਾ ਮਾਰਗ ਦਰਸ਼ਨ ਕਰਦੀ ਹੈ।

ਉਨ੍ਹੀਂ ਦਿਨੀਂ ਪੰਜਾਬੀ ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ; ਸ਼੍ਰੋਮਣੀ ਕਮੇਟੀ, ਮਿਸ਼ਨਰੀ ਕਾਲਜ ਆਦਿ ਨੇ ਖਾਲਸਾ ਪੰਥ ਨੂੰ ਲੋੜੀਂਦਾ ਨਵਾਂ ਸਾਹਿਤ ਦਿੱਤਾ, ਜਿੱਸ ਵਿੱਚ ਸ੍: ਫੌਜਾ ਸਿੰਘ ਅਤੇ ਕਿਰਪਾਲ ਸਿੰਘ ਵਲੋਂ ਗੁਰੁਦੇਵ ਜੀ ਦੀਆਂ ਯਾਤਰਾਵਾਂ ਦੀ ਐਟਲਸ ਵੀ ਹੈ।

ਖੈਰ ! ਜਦੋਂ ਮੈਂ ਨੌਕਰੀ ਛੱਡੀ ਤਾਂ ਇੱਸ ਬਿਖਰੇ ਹੋਏ ਸਾਹਿਤ ਨੂੰ ਨਵੇਂ ਢੰਗ ਨਾਲ ਮੁੜ ਕੇ ਸੋਧਣ ਦਾ ਮਹਾਨ ਕਾਰਜ ਕਰਨ ਲਈ ਅਤੇ ਗੁਰੂ ਜੀ ਦੇ ਜੀਵਨ ਸੰਬੰਧੀ ਸਾਰੇ ਉਪਲਬਧ ਤੱਥ ਇਕੱਤਰ ਕਰਨ ਲਈ ਮੈਨੂੰ ਸਮਾਂ ਮਿਲ ਗਿਆ।

ਮੇਰੀ ਮੁੱਢਲੀ ਵਿਦਿਆ ਹਿੰਦੀ ਵਿੱਚ ਹੋਣ ਕਰਕੇ ਗੁਰੁਦੇਵ ਜੀ ਦੀ ਜੀਵਨੀ ਦੇਵਨਾਗਰੀ ਲਿਪੀ 'ਹਿੰਦੀ ਭਾਸ਼ਾ' ਵਿੱਚ ਹੀ ਲਿਖਣ ਲੱਗਾ। ਨੌਕਰੀ ਛਡਣ ਤੋਂ ਪਹਿਲਾਂ ਮੈਂ ਗੁਰਮੱਤ ਮਿਸ਼ਨਰੀ ਕਾਲਜ, ਸੰਤ ਨਗਰ ਨਵੀਂ ਦਿਲੀ ਤੋਂ ਦੋ ਸਾਲਾ ਕੋਰਸ ਕਰ ਲਿਆ ਹੋਇਆ ਸੀ।

ਜਦੋਂ ਮੈਂ ਆਪਣੇ ਅਧਿਆਪੱਕ ਸਰਦਾਰ ਮਹਿੰਦਰ ਸਿੰਘ ਜੋਸ਼ ਜੀ ਨੂੰ ਅਪਣਾ ਖਰੜਾ ਵਿਖਾਇਆ ਤਾਂ ਉਹ ਬਹੁਤ ਖੁਸ਼ ਹੋਏ। ਉਨ੍ਹਾਂ ਦਸਿਆ ਕਿ ਉਨ੍ਹਾਂ ਨੇ ਕਈ ਵਾਰ ਸੋਚਿਆ ਸੀ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਹਿੰਦੀ ਵਿੱਚ ਲਿਖਣਗੇ। ਪ੍ਰੰਤੂ ਉਨ੍ਹਾਂ ਦਾ ਹੀਆ ਨਹੀਂ ਪਿਆ ਕਿਉਂਕਿ ਟਕਸਾਲੀ ਅਤੇ ਮਿਸ਼ਨਰੀ ਵਿਚਾਰ ਧਾਰਾ ਦਾ ਆਪਸੀ ਬਿਖੇੜਾ ਕਿਵੇਂ ਨਜਿੱਠਿਆ ਜਾਵੇਗਾ। ਦੋਨਾਂ ਧਿਰਾਂ ਨੇ ਉੱਸ ਦਾ ਬਾਈ ਕਾਟ ਕਰ ਦੇਣਾ ਸੀ।

ਉਨ੍ਹਾਂ ਕਿਹਾ ਕਿ ਤੁਸਾਂ ਇੱਸ ਖਰੜੇ ਵਿੱਚ ਲਗਭਗ ਸਾਰੀਆਂ ਗੁੰਝਲਾਂ ਦਾ ਸਮਾਧਾਨ ਕਰ ਵਿਖਾਇਆ ਹੈ। ਇਸ ਲਈ ਉਨ੍ਹਾਂ ਮੇਰੀ ਇਸ ਪੁਸਤਕ, "ਕ੍ਾਂਤੀਕਾਰੀ ਮਹਾਂਮਾਨਵ, ਨਾਨਕ ਦੇਵ" ਦਾ ਮੁੱਖ ਬੰਦ ਲਿੱਖ ਦਿੱਤਾ। ਓਦੋਂ ਸ੍: ਮਹਿੰਦਰ ਸਿੰਘ ਜੀ ਸਿੱਖ ਮਿਸ਼ਨਰੀ ਕਾਲਜ ਦੇ ਸੰਸਥਾਪਕਾਂ ਦੇ ਸਿਰਮੌਰ ਸਨ।

"ਕ੍ਰਾਂਤੀਕਾਰੀ ਮਹਾਂ ਮਾਨਵ" ਪੁਸਤਕ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਵਿਸਥਾਰ ਹੈ। ਮੂਲ ਰੂਪ ਵਿੱਚ ਹਿੰਦੀ ਭਾਸ਼ਾ, 'ਦੇਵ ਨਾਗਰੀ ਲਿਪੀ' ਵਿੱਚ ਖਾਲਸਾ ਸਾਜਨਾ ਦਿਵਸ ਮੌਕੇ, ਸੰਨ 1999 ਈ: ਵਿੱਚ, ਭਵਨਵਾਣੀ ਟ੍ਰਸਟ, ਲਖਨਉ ਨੇ ਪ੍ਰਕਾਸ਼ਿਤ ਕੀਤੀ। ਜਿੱਸ ਦੀ ਹਰ ਪਾਸਿਓਂ ਭਰਪੂਰ ਸ਼ਲਾਘਾ ਹੋਈ।

20 ਸਾਲ ਪਹਿਲਾਂ ਦੀ ਕੀਤੀ ਹੋਈ ਮਿਹਨਤ ਨੂੰ ਪੰਜਾਬੀ ਵਿੱਚ, ਗੁਰਮੁੱਖੀ ਲਿੱਪੀ ਅਨੁਸਾਰ ਨਵਿਆਉਣ ਲਈ ਡਾ. ਗੁਰਚਰਨ ਸਿੰਘ ਜੀ ਨੇ ਜੂਨ 2020 ਈ: ਵਿੱਚ ਇਹ ਕਾਰਜ ਆਪਣੇ ਜਿਮੇਂ ਲੈ ਲਿਆ। ਸਬੰਧਿੱਤ ਪੁਸਤਕਾਂ ਅਤੇ ਨਵੀਂ ਖੋਜ ਦੇ ਆਧਾਰ ਤੇ ਇਤਿਹਾਸਿੱਕ ਸੋਧਾਂ, ਗੁਰੁਦੇਵ ਜੀ ਪ੍ਰਚਾਰ ਫੇਰੀਆਂ ਸਮੇਂ ਜਿੱਥੇ-ਜਿੱਥੇ ਵੀ ਠਹਿਰੇ ਉਨ੍ਹਾਂ ਅਸਥਾਨਾਂ ਤੇ ਦੇਸ਼ਾਂ ਦੇ ਖਾਕਿਆਂ ਸਮੇਤ, ਪਹੁੰਚ ਮਾਰਗਾਂ ਦੀਆਂ ਦੂਰੀਆਂ ਦੀ ਨਿਸ਼ਾਨਦੇਹੀ, ਗੁਰਦੁਆਰਿਆਂ ਦੇ ਉਪਲਬਧ ਚਿੱਤਰ, ਸ਼ਰਧਾਲੂਆਂ ਵਲੋਂ ਹੱਥੀਂ ਬਨਾਏ ਰੰਗੀਨ ਚਿੱਤਰ/ਫੋਟੋ ਆਦਿ ਲਗਾ ਕੇ ਹਰ ਘਟਨਾ ਕਰਮ ਅਨੁਸਾਰ ਗੁਰੁਦੇਵ ਜੀ ਵਲੋਂ ਉਚਾਰੀ ਅਲਾਹੀ ਬਾਣੀ ਦਰਜ ਕਰਕੇ ਇੱਸ ਗ੍ਰੰਥ ਦਾ ਸਮੁੱਚਾ ਅਧੁੱਨਕੀਕਰਨ ਕਰਨ ਕਰਕੇ ਸੰਪਾਦਨਾ ਕਰਨ ਲਈ ਉਨ੍ਹਾਂ ਨੂੰ ਡੇਢ ਸਾਲ ਤੋਂ ਵੱਧ ਦਾ ਸਮਾਂ ਲੱਗਾ ਹੈ।

ਇੱਸ ਮਹਾਨ ਕਾਰਜ ਨੂੰ ਨੇਪਰੇ ਚਾੜਨ ਲਈ ਮੈਂ ਡਾ. ਗੁਰਚਰਨ ਸਿੰਘ ਜੀ ਦਾ ਦਿਲੋਂ ਧੰਨਵਾਦੀ ਹਾਂ ਅਤੇ ਸਦੈਵ ਹੀ ਉਨ੍ਹਾਂ ਦਾ ਰਿਣੀ ਰਹਾਂਗਾ।

ਆਸ ਕਰਦਾ ਹਾਂ ਕਿ ਸੁਹਿਰਦ ਪਾਠਕ ਇੱਸ ਨਵੇਕਲੇ ਯਤਨ ਨਾਲ ਤਿਆਰ ਕੀਤੇ ਪਵਿੱਤਰ ਗ੍ਰੰਥ ਦਾ ਅਧਿਅਨ ਕਰਕੇ ਅਧਿਆਤਮਿੱਕ ਦ੍ਰਿਸ਼ਟੀਕੋਣ ਤੋਂ ਅਪਣਾ ਜੀਵਨ ਸਫਲਾ ਕਰਨ ਦੇ ਸਮਰੱਥ ਹੋ ਜਾਣਗੇ।

ਧੰਨਵਾਦ !

ਸ਼ੁਭਚਿੰਤਕ

ਜਸਬੀਰ ਸਿੰਘ ਮਿਸ਼ਨਰੀ

**Mob. : 9988160484, 6239045985**

**www.sikhworld.info**
**(Free Download)**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਉਚਾਰਨ ਕੀਤੀ ਧੁਰ ਕੀ ਬਾਣੀ ਦਾ ਓਟ ਆਸਰਾ ਲੈਂਦਿਆਂ ਹੋਇਆ ਮੁਢਲੇ ਬਿਰਤਾਂਤ ਹੇਠ ਲਿਖੀਆ ਪੁਸਤਕਾਂ ਦੇ ਹਵਾਲੇ ਨਾਲ ਇੱਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ ਹੈ।

## ਪੁਸਤੱਕ ਸੂਚੀ


| | | |
|---|---|---|
| 1. | ਕ੍ਰਾਂਤੀਕਾਰੀ ਮਹਾਂਮਾਨਵ, ਗੁਰੂ ਨਾਨਕ ਦੇਵ ਜੀ (ਹਿੰਦੀ ਐਡਿਸ਼ਨ) | ਭਾ. ਜਸਬੀਰ ਸਿੰਘ ਮਿਸ਼ਨਰੀ |
| 2. | ਤਵਾਰੀਖ ਗੁਰੂ ਖਾਲਸਾ | ਗਿਆਨੀ ਗਿਆਨ ਸਿੰਘ ਜੀ |
| 3. | ਨਿਰੰਕਾਰੀ ਦਰਸ਼ਨ | ਤਿਰਲੋਕ ਸਿੰਘ ਜੀ |
| 4. | ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ | ਪਿਆਰਾ ਸਿੰਘ ਜੀ |
| 5. | ਜਨਮਸਾਖੀ ਪ੍ਰੰਪਰਾ | ਕਿਰਪਾਲ ਸਿੰਘ ਜੀ |
| 6. | ਸਾਖੀਆਂ ਦਾ ਸੱਚ ਅਤੇ ਵਿਕਾਸ | ਡਾ. ਜਗਜੀਤ ਸਿੰਘ ਜੀ |
| 7. | ਗੁਰੂ ਨਾਨਕ ਦਰਪਣ | ਗਿਆਨੀ ਭਾਗ ਸਿੰਘ (ਅੰਬਾਲਾ) |
| 8. | ਬਲਿਓ ਚਿਰਾਗ | ਸਤਬੀਰ ਸਿੰਘ ਜੀ |
| 9. | ਜੀਵਨ ਚ੍ਰਿਤਰ ਗੁਰੂ ਨਾਨਕ ਦੇਵ ਜੀ | ਡਾ. ਤ੍ਰਿਲੋਚਨ ਸਿੰਘ ਜੀ |
| 10. | ਜੀਵਨ ਯਾਤਰਾ ਤਥਾ ਸਿਧਾਂਤ ਗੁਰੂ ਨਾਨਕ ਦੇਵ ਜੀ | ਸਿੱਖ ਮਿਸ਼ਨਰੀ ਕਾਲਿਜ (ਲੁਧਿਆਣਾ) |
| 11. | ਗੁਰੂ ਨਾਨਕ (ਇੱਕ ਸੰਖੇਪ ਅਧਿਅਨ) | ਭਗਤ ਸਿੰਘ ਹੀਰਾ (ਦਰਭੰਗਾ, ਬਿਹਾਰ) |
| 12. | ਕਤੱਕ ਕਿ ਵੈਸਾਖ | ਕਰਮ ਸਿੰਘ ਜੀ |
| 13. | ਐਟਲਸ (ਗੁਰੂ ਨਾਨਕ ਦੇਵ ਜੀ ਦੇ ਸਫਰ) | ਫੌਜਾ ਸਿੰਘ, ਕ੍ਰਿਪਾਲ ਸਿੰਘ |
| 14. | ਮਹਾਨ ਕੋਸ਼ | ਭਾ. ਕਾਹਨ ਸਿੰਘ ਜੀ ਨਾਭਾ |
| 15. | ਸਚਿਆਰ ਗੁਰੂ ਨਾਨਕ | ਪ੍ਰੋ: ਸ਼ੇਰ ਸਿੰਘ 'ਸ਼ੇਰ' |
| 16. | ਅਰਸ਼ੀ ਨੂੰਰ, ਕ੍ਰਾਂਤੀਕਾਰੀ ਗੁਰੂ ਨਾਨਕ | ਡਾ: ਕੁਲਵਿੰਦਰ ਕੌਰ ਮਿਨਹਾਸ |
| 17. | ਗੁਰੂ ਨਾਨਕ ਸਾਹਿਬ ਦੀ ਬ੍ਰਹਿਮੰਡੀ ਸੋਚ | ਡਾ. ਸਵਰਾਜ ਸਿੰਘ |
| 18. | Guru Nanank Dev Ji in North West Frontiner Pakistan and Sindh Part -II | Col. ਡਾ. ਦਲਵਿੰਦਰ ਸਿੰਘ ਗਰੇਵਾਲ |
| 19. | Guru Nanank Dev Ji in Saudi Arabia | Col. ਡਾ. ਦਲਵਿੰਦਰ ਸਿੰਘ ਗਰੇਵਾਲ |
| 20. | Guru Nanank Dev Ji in Turkey | Col. ਡਾ. ਦਲਵਿੰਦਰ ਸਿੰਘ ਗਰੇਵਾਲ |
| 21. | Excellence of Sikhisam | ਡਾ. ਸਰੂਪ ਸਿੰਘ ਅਲਗ |
| 22. | Travels of Guru Nanak | ਡਾ. ਸੁਰਿੰਦਰ ਸਿੰਘ ਕੋਹਲੀ |
| 23. | ਗੁਰਤੀਰਥ ਸਾਈਕਲ ਯਾਤਰਾ | ਡਾ. ਧੰਨਾ ਸਿੰਘ ਚਾਹਲ, ਪਟਿਆਲਾ |
| 24. | ਪਾਕਿਸਤਾਨ ਦੇ ਗੁਰਦੁਆਰੇ | ਡਾ. ਇਕਬਾਲ ਕੈਸਰ (ਲਾਹੌਰ) |
| 25. | ਭੂਤ ਤੇ ਵਰਤਮਾਨ ਦਾ ਪੰਜਾਬ | ਡਾ. ਗੰਡਾ ਸਿੰਘ |
| 26. | ਗੁਰੂ ਕੀਆਂ ਸਾਖੀਆਂ | ਭਾ. ਸਰੂਪ ਸਿੰਘ ਕੌਸ਼ਿਕ |
| 27. | ਪ੍ਰਾਚੀਨ ਪੰਥ ਪ੍ਰਕਾਸ਼ | ਭਾ. ਰਤਨ ਸਿੰਘ ਭੰਗੂ |
| 28. | Guru Nanak Dev Ji in Ladakh | ਕਰਨਲ ਜੇ. ਐਸ. ਗੁਲੇਰੀਆਂ |
| 29. | Imprints of Guru Nanak's Visit in Instanbul | ਪ੍ਰੋ. ਦਾਵਿੰਦਰ ਸਿੰਘ ਚਾਹਲ |
| 30. | ਗੁਰੂ ਖਾਲਸਾ ਤਵਾਰੀਖ 194● | ਗਿਆਨੀ ਲਾਲ ਸਿੰਘ ਸੰਗਰੂਰ |
| 31. | ਸੱਚ ਪੁਰਾਣਾ ਹੋਵੈ ਨਾਹੀਂ | ਸੋਹਨ ਲਾਲ |
| 32. | Turkey and its lost province (1911) Articles (2008) | Pro. Harpal Singh Kasoor |
| 33. | ਸ੍ਰੀ ਗੁਰੂ ਗ੍ਰੰਥ ਸਾਹਿਬ | ਮਨਮੋਹਨ ਸਿੰਘ (Tr.) |
| 34. | ਦਰਪਨ | ਪ੍ਰੋ. ਸਾਹਬ ਸਿੰਘ |
| 35. | ਬਾਬਾ ਨਾਨਕ | ਸਈਯਦ ਅਫਜ਼ਲ ਹੈਦਰ (Sc. Pakistan) |
| 36. | ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫਰਨਾਮਾ | ਡਾ. ਜਸਬੀਰ ਸਿੰਘ ਸਰਨਾ |

| | | |
|---|---|---|
| 37. | ਬਾਕੂ ਫੇਰੀ (ਅਜ਼ਰਬਾਈਜਾਨ) | ਡਾ. ਪੀ. ਐਸ. ਵਾਲੀਆ (ਮੋਹਾਲੀ) |
| 38. | ਮਨੁਖਤਾ ਦਾ ਰਹਿਬਰ ਗੁਰੂ ਨਾਨਕ ਦੇਵ | ਡਾ. ਇੰਦਰਜੀਤ ਸਿੰਘ ਵਾਸੂ |
| 39. | Travels to Africa | ਦੇਵਿੰਦਰ ਸਿੰਘ (ਟਰਾਂਟੋ) |
| 40. | Travels of Baba Nanak Shah Fakir | ਪ੍ਰੋ. ਹਰਦੇਵ ਸਿੰਘ ਵਿਰਕ |
| 41. | ਖੋਜ ਪੱਤਰ | ਡਾ. ਦਲਵਿੰਦਰ ਸਿੰਘ ਚਾਹਲ |
| 42. | History Books (1911) | H.A. Rose & Others |
| 43. | History of Buganda | Prof. M.SM. Samukula (Kampala) |
| 44. | The Legendry Kingdom | Nocholas K. Ssewanana (Kampala) |
| 45. | Sat Guru Nanak Sahib Visited Uganda | Bhai. Harpal Singh Gill (Canada) |
| 46. | 'The Turkish Book of Istanbul (Bayazid- ii) | Dr. Y. Mimar |
| 47. | ਸਯਾਹਤੋ ਬਾਬਾ ਨਾਨਕ ਸ਼ਾਹ ਫਕੀਰ | ਸੰਪਾਦਿਕ:- ਪ੍ਰੋ. ਹਿੰਮਤ ਸਿੰਘ (ਪਟਿਆਲਾ) |
| 48. | ਸਿੱਖੀ ਮਹਾਨ | ਡਾ. ਸਰੂਪ ਸਿੰਘ ਅਲੱਗ। |
| 49. | ਅਕਾਲ ਉਸਤਤਿ | ਭਾ. ਹਰਿਸਿਮਰਨ ਸਿੰਘ। |
| 5●. | ਗੁਰੂ ਨਾਨਕ ਬਾਣੀ ਚਿੰਤਨ (ਸਿਧਾਂਤ ਤੇ ਵਿਚਾਰ) | ਸੰਪਾਦਕ: ਡਾ. ਮੋਹਨ ਸਿੰਘ ਤਿਆਗੀ |
| 51. | ਗੁਰਮਤਿ (ਸੰਪੂਰਨ ਜੀਵਨ ਦਾ ਮਾਰਗ) | ਡਾ. ਇੰਦਰਜੀਤ ਸਿੰਘ ਵਾਸੂ |

**ਇਸ ਗ੍ਰੰਥ ਵਿੱਚ ਦਿੱਤੇ ਗਏ ਨਕਸ਼ੇ, ਗੁਰਦੁਆਰਿਆਂ ਦੇ ਚਿੱਤਰ ਹੱਥ ਚਿੱਤਰ, ਅਸਥਾਨਾਂ ਦੀਆਂ ਦੂਰੀਆਂ, ਇੰਟਰਨੈੱਟ ਤੋਂ ਲਈਆਂ ਗਈਆਂ ਹਨ।**

## ਪਾਠਕਾਂ ਦੀ ਸਹੂਲਤ ਲਈ ਗਿਣਤੀ ਦੀ ਪਹਿਚਾਨ:-

| | | |
|---|---|---|
| 1 | i | ੧ |
| 2 | ii | ੨ |
| 3 | iii | ੩ |
| 4 | iv | ੪ |
| 5 | v | ੫ |
| 6 | vi | ੬ |
| 7 | vii | ੭ |
| 8 | viii | ੮ |
| 9 | ix | ੯ |
| 10 | x | ੧੦ |




r Singh, Baldev Singh Sirsa, Giani Devinder Singh, Dr. Suba Singh, Dr. Gurcharan Singh, Col. Chand Singh Dhumi, Bhai Harsimran Singh, Dr. Sawraj Singh, J
er Jit Kaur Khera, Dr. Kulvir Kaur, Dr. Pushpadeep, Dr. Sukhjinder Kaur, Pri. Sangeeta Singh, Simran Singh, Beant K a u r ,Sukhminder Brar, Tahir Shamim, S
ly Govinder Singh, Gurnam Singh Sidhu, Hardev Singh Kansal, Hammed Kausar Top Row: Jugnu Singh, Karanjit Kaur Sahni, Gurj ant Singh, Jagir Singh, Jasb
, Dr. Mohabbat Singh, Riyaz Ahmed, Dattar Singh, Dr. Bhagwan Singh, Dr. Harpreet Singh, Dr. Manjit Singh

# SRI GURU NANAK DEV JI INTER RELIGIOUS FOUNDATION

## FOUNDER MEMBERS OF THE FOUNDATION (2019)



**Sitting Left to Right :**
S. Gurnam Singh Sidhu (Vice Chairman), Dr. Gurcharan Singh (Chairman)
Dr. Bhagwan Singh (Sr. Vice Chairman)
**Standing Left to Right:**
Dr. T.L. Kaushal (Member), Col. Chand Singh Dhumi (Retd.) (General Secretary)
Mr. Rajinder Singh Gill (Joint Secretary), Jasbir Singh Khalsa (Treasurer)